# ਕਾਉਂਟੀ ਔੱਫ SANTA CLARA
# ਚੋਣ ਪ੍ਰਸ਼ਾਸਨ ਯੋਜਨਾ

ਸੰਸ਼ੋਧਿਤ: ਨਵੰਬਰ 2021

# ਵਿਸ਼ਾ-ਸਾਰਨੀ


ਭੂਮਿਕਾ ........ 5

ਭਾਗ 1 – ਚੋਣ ਪ੍ਰਸ਼ਾਸਨ ਯੋਜਨਾ ........ 7

ਡਾਕ ਰਾਹੀਂ ਵੋਟ (VBM) ਪ੍ਰਕਿਰਿਆ ........ 7

ਪਹੁੰਚਯੋਗ ਡਾਕ ਰਾਹੀਂ ਵੋਟ ........ 8

ਬੈਲਟ ਡ੍ਰੌਪ-ਔਫ ਟਿਕਾਣੇ ........ 9

ਵੋਟ ਕੇਂਦਰ ........ 11

ਵੋਟਰ ਰਜਿਸਟਰੇਸ਼ਨ ........ 12

ਬਦਲਵੇਂ ਬੈਲਟ ........ 12

ਆਰਜ਼ੀ ਵੋਟਿੰਗ ........ 12

ਵੋਟ ਕੇਂਦਰਾਂ ਵਿੱਚ ਪਹੁੰਚਯੋਗ ਵੋਟਿੰਗ ........ 13

ਭਾਸ਼ਾ ਸੰਬੰਧੀ ਸਹਾਇਤਾ ........ 14

ਵੋਟ ਕੇਂਦਰ ਦੀ ਸਥਾਪਨਾ ਸੰਬੰਧੀ ਵਿਚਾਰ ........ 16

ਚੋਣ ਅਧਿਕਾਰੀਆਂ ਦਾ ਗਠਨ ........ 16

ਇਲੈਕਟ੍ਰਾਨਿਕ ਪੋਲਬੁੱਕ (ਈ-ਪੋਲਬੁੱਕ) ........ 17

ਪਹੁੰਚ ........ 17

ਜਨਤਕ ਸਲਾਹ-ਮਸ਼ਵਰੇ ........ 17

ਜਨਤਕ ਨੋਟਿਸ ........ 18

ਭਾਸ਼ਾ ਪਹੁੰਚਯੋਗਤਾ ਅਤੇ ਵੋਟਿੰਗ ਪਹੁੰਚਚਯੋਗਤਾ ਸੰਬੰਧੀ ਸਲਾਹਕਾਰ ਕਮੇਟੀਆਂ ........ 18

ਭਾਗ 2 - ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ........ 19

ਸੈਕਸ਼ਨ 1: ਵੋਟਰ ਸੰਪਰਕ - ਸਧਾਰਨ ........ 19

ਮੀਡੀਆ ਦੀ ਵਰਤੋਂ ........ 19

ਭਾਈਚਾਰੇ ਵਿੱਚ ਮੌਜੂਦਗੀ ਸੰਬੰਧੀ ਯੋਜਨਾ ਅਤੇ ਵੋਟਰ ਸਿੱਖਿਆ ਸਮੱਗਰੀ........21

ਸਿੱਧੀਆਂ ਡਾਕਾਂ........21

**ROV** ਦੀ ਵੈੱਬਸਾਈਟ 'ਤੇ ਵੋਟਰ ਸਿੱਖਿਆ ਸੰਬੰਧੀ ਸਰੋਤ........21

ਸੈਕਸ਼ਨ 2: ਵੋਟਰ ਸੰਪਰਕ – ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰੇ........21

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਪਛਾਣਨਾ........21

ਅਲਪਸੰਖਿਅਕ ਭਾਸ਼ਾਵਾਂ ਵਾਲੇ ਉਹ ਭਾਈਚਾਰੇ ਜਿਨ੍ਹਾਂ ਨੂੰ ਸਹਿਯੋਗ ਪ੍ਰਦਾਨ ਕਰਨਾ ਹੈ........22

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਲਈ ਵੋਟਰ ਸਿੱਖਿਆ ਵਰਕਸ਼ਾਪ........22

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਸੰਬੋਧਿਤ ਕਰਨ ਲਈ ਮੀਡੀਆ ਦੀ ਵਰਤੋਂ........22

ਚੋਣ ਅਧਿਕਾਰੀ........23

ਸੈਕਸ਼ਨ 3: ਵੋਟਰ ਸੰਪਰਕ - ਅਸਮਰਥਤਾਵਾਂ ਵਾਲੇ ਵੋਟਰ........24

ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪਛਾਣਨ ਲਈ ਵਰਤੇ ਜਾਣ ਵਾਲੇ ਤਰੀਕੇ........24

ਅਸਮਰਥਤਾਵਾਂ ਵਾਲੇ ਭਾਈਚਾਰੇ ਤੱਕ ਪਹੁੰਚ........24

ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੇਵਾਵਾਂ........25

ਅਸਮਰਥਤਾਵਾਂ ਵਾਲੇ ਭਾਈਚਾਰੇ ਲਈ ਵੋਟਰ ਸਿੱਖਿਆ ਵਰਕਸ਼ਾਪ........25

ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਿਖਲਾਈ ਦੇਣ ਲਈ ਵਰਤੀ ਜਾਂਦੀ ਸਮੱਗਰੀ........25

ਚੋਣ ਅਧਿਕਾਰੀ........25

ਸੈਕਸ਼ਨ 4: ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਟਿਕਾਣਿਆਂ ਸੰਬੰਧੀ ਜਾਣਕਾਰੀ........26

ਵੋਟ ਕੇਂਦਰ ਟਿਕਾਣੇ........26

ਬੈਲਟ ਡ੍ਰੌਪ-ਔਫ ਟਿਕਾਣੇ........26

ਰੋਕਥਾਮ ਸੰਬੰਧੀ ਉਪਾਅ........26

ਅਚਨਚੇਤਤਾ ਸੰਬੰਧੀ ਯੋਜਨਾ (ਬੈਕਅੱਪ ਪਲਾਨ)........27

ਸੈਕਸ਼ਨ 5: ਵੋਟ ਕੇਂਦਰ ਬੈਲਟ ਸਮੱਸਿਆ ਅਤੇ ਪਰਦੇਦਾਰੀ ਯੋਜਨਾਵਾਂ........27

ਵੋਟ ਕੇਂਦਰ ਦਾ ਡਿਜ਼ਾਈਨ ਅਤੇ ਖਾਕਾ........27

ਵੋਟਿੰਗ ਸੁਰੱਖਿਆ ........................................................................................................ 28

ਸੈਕਸ਼ਨ -6 ਬਜਟ ........................................................................................................ 28

# ਭੂਮਿਕਾ

California ਦੇ ਵੋਟਰ ਪਸੰਦ ਅਧਿਨਿਯਮ (VCA), ਜਾਂ ਸੈਨੇਟ ਬਿੱਲ (SB) 450 (Allen, D-26) ’ਤੇ 29 ਸਤੰਬਰ, 2016 ਨੂੰ ਕਨੂੰਨੀ ਤੌਰ 'ਤੇ ਦਸਤਖ਼ਤ ਕੀਤੇ ਗਏ ਸਨ, ਜਿਸ ਅਨੁਸਾਰ California ਚੋਣ ਕੋਡ ਵਿੱਚ ਧਾਰਾ 4005 ਸ਼ਾਮਲ ਕੀਤੀ ਗਈ ਸੀ, ਜਿਸ ਨਾਲ ਅਧਿਕਾਰਿਕ ਕਾਉਂਟੀਆਂ ਨੂੰ, ਕੁਝ ਜ਼ਰੂਰਤਾਂ ਨਾਲ, ਉਨ੍ਹਾਂ ਦੇ ਸੁਪਰਵਾਈਜ਼ਰਾਂ ਦੇ ਬੋਰਡ ਤੋਂ ਮਨਜ਼ੂਰੀ ਮਿਲਣ 'ਤੇ ਡਾਕ ਦੁਆਰਾ ਚੋਣਾਂ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਸੀ। VCA ਦੇ ਤਹਿਤ, ਸਾਰੇ ਵੋਟਰਾਂ ਨੂੰ ਚੋਣ ਵਾਲੇ ਦਿਨ ਤੋਂ 29 ਦਿਨ ਪਹਿਲਾਂ ਤੋਂ ਸ਼ੁਰੂ ਕਰਦੇ ਹੋਏ ਡਾਕ ਵਿੱਚ ਇੱਕ ਬੈਲਟ ਭੇਜਿਆ ਜਾਂਦਾ ਹੈ, ਅਤੇ ਹਰੇਕ ਕਾਉਂਟੀ, ਜਨਤਾ ਦੀ ਮਦਦ ਨਾਲ, ਕਾਉਂਟੀ ਵਿੱਚ ਬਹੁਤ ਸਾਰ ਬੈਲਟ ਡ੍ਰੌਪ-ਔਫ ਟਿਕਾਣੇ ਅਤੇ ਵੋਟ ਕੇਂਦਰ ਸਥਾਪਤ ਕਰਦੀ ਹੈ ਜਿੱਥੇ ਕਾਉਂਟੀ ਦਾ ਕੋਈ ਵੀ ਵੋਟਰ ਆਪਣੀ ਵੋਟ ਪਾ ਸਕਦਾ ਹੈ। ਇਹ ਵਿਧਾਨ ਬਹੁਤ ਸਾਰੇ ਅਜਿਹੇ ਚੋਣ ਸੁਧਾਰਾਂ ਵਿੱਚੋਂ ਇੱਕ ਹੈ ਜੋ ਵੋਟ ਪਾਉਣ ਦੇ ਵਿਕਲਪਾਂ ਨੂੰ ਵਧਾ ਕੇ ਵੋਟਰਾਂ ਦੀ ਭਾਗੀਦਾਰੀ ਅਤੇ ਵੋਟਰਾਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਚੋਣਾਂ ਕਿਵੇਂ ਕਰਵਾਈਆਂ ਜਾਂਦੀਆਂ ਹਨ, ਉਨ੍ਹਾਂ ਤਰੀਕਿਆਂ ਨੂੰ ਬਦਲਣ ਲਈ ਤਿਆਰ ਕੀਤਾ ਗਿਆ ਸੀ।

VCA ਤੋਂ ਪਹਿਲਾਂ, ਚੋਣਾਂ ਰਵਾਇਤੀ ਪੋਲਿੰਗ ਪਲੇਸ ਮਾਡਲ ਦੇ ਤਹਿਤ ਕਰਵਾਈਆਂ ਜਾਂਦੀਆਂ ਸਨ। ਇਹ ਡਾਕ ਰਾਹੀਂ ਵੋਟ ਪਾਉਣਾ ਅਤੇ ਪੋਲਿੰਗ ਦੀ ਥਾਂ ਦੇ ਪ੍ਰਸ਼ਾਸਨ ਦਾ ਇੱਕ ਸੰਯੁਕਤ ਮਾਡਲ ਸੀ। ਚੋਣ ਕੋਡ §12261(a) ਕਾਉਂਟੀ ਦੇ ਚੋਣ ਅਧਿਕਾਰੀਆਂ ਲਈ ਲਾਜ਼ਮੀ ਬਣਾਉਂਦਾ ਹੈ ਕਿ ਵੱਧ ਤੋ ਵੱਧ 1000 ਵੋਟਾਂ ਲਈ ਵੋਟਿੰਗ ਪ੍ਰਿਸਿੰਕਟ ਦੀ ਸਥਾਪਨਾ ਕੀਤੀ ਜਾਵੇ ਅਤੇ ਹਰੇਕ ਲਈ ਇੱਕ ਵੱਖਰੀ ਵੋਟਿੰਗ ਦੀ ਥਾਂ ਹੋਵੇ (ਇਹ ਉਹ ਡੇਟਾ ਵੀ ਹੁੰਦਾ ਹੈ ਜੋ ਕਾਉਂਟੀ ਅਤੇ ਰਾਜ ਨੂੰ ਹਰੇਕ ਵੋਟਿੰਗ ਪ੍ਰਿਸਿੰਕਟ ਦੇ ਅਨੁਸਾਰ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਦੀ ਇਜਾਜ਼ਤ ਦਿੰਦਾ ਹੈ)। 2002 ਵਿੱਚ, California ਚੋਣ ਕੋਡ ਵਿੱਚ ਕਿਸੇ ਵੀ ਵੋਟਰ ਨੂੰ ਸਥਾਈ ਡਾਕ ਰਾਹੀਂ ਵੋਟ ਸਥਿਤੀ ਦੀ ਬੇਨਤੀ ਕਰਨ ਅਤੇ ਆਪਣੇ-ਆਪ ਡਾਕ ਵਿੱਚ ਇੱਕ ਬੈਲਟ ਭੇਜਣ ਦੀ ਯੋਗਤਾ ਦੇਣ ਲਈ ਵਾਧਾ ਕੀਤਾ ਗਿਆ ਸੀ; ਕੋਈ ਵੀ ਹੋਰ ਵਿਅਕਤੀ ਜੋ ਡਾਕ ਰਾਹੀਂ ਵੋਟ ਪਾਉਣਾ ਚਾਹੁੰਦਾ ਹੈ, ਉਸਨੂੰ ਹਰੇਕ ਚੋਣ ਲਈ ਬੇਨਤੀ ਸਬਮਿਟ ਕਰਨੀ ਪਵੇਗੀ ਜਾਂ ਉਸ ਦੇ ਨਿਰਧਾਰਤ ਪੋਲਿੰਗ ਸਥਾਨ 'ਤੇ ਵਿਅਕਤੀਗਤ ਤੌਰ 'ਤੇ ਵੋਟ ਪਾਉਣੀ ਪਵੇਗੀ ਜੋ ਉਨ੍ਹਾਂ ਦੇ ਵੇਗ ਦੇ ਖੇਤਰ ਅਤੇ ਬੈਲਟ ਦੀ ਕਿਸਮ ਲਈ ਵੱਖ ਹੁੰਦੀ ਹੈ।

Santa Clara ਬੋਰਡ ਆਫ਼ ਸੁਪਰਵਾਈਜ਼ਰ ਦੀ ਕਾਉਂਟੀ ਨੇ ਵੋਟਰਾਂ ਦੇ ਰਜਿਸਟਰਾਰ ਨੂੰ VCA ਅਧੀਨ ਚੋਣਾਂ ਕਰਵਾਉਣ ਦੀ ਮਨਜ਼ੂਰੀ ਅਪ੍ਰੈਲ, 2019 ਵਿੱਚ ਦਿੱਤੀ। Santa Clara ਕਾਉਂਟੀ ਦੇ VCA ਲਾਗੂ ਕਰਨ ਦੇ ਨਾਲ, ਹੁਣ ਚੋਣਾਂ ਇੱਕ ਨਵੇਂ ਵੋਟ ਕੇਂਦਰ ਮਾਡਲ ਦੇ ਤਹਿਤ ਕਰਵਾਈਆਂ ਜਾਂਦੀਆਂ ਹਨ। ਇਸ ਨਵੇਂ ਮਾਡਲ ਨਾਲ, *ਹਰੇਕ* ਰਜਿਸਟਰਡ ਵੋਟਰ ਨੂੰ ਨਿਰਧਾਰਤ ਚੋਣ ਤੋਂ 29 ਦਿਨ ਪਹਿਲਾਂ ਤੋਂ ਸ਼ੁਰੂ ਕਰਦਿਆਂ ਹੋਇਆਂ ਡਾਕ ਵਿੱਚ ਆਪਣੇ-ਆਪ ਡਾਕ ਰਾਹੀਂ ਵੋਟ ਬੈਲਟ ਭੇਜਿਆ ਜਾਂਦਾ ਹੈ। ਵੋਟਰ ਆਪਣੇ ਬੈਲਟ ਇਨ੍ਹਾਂ ਤਿੰਨ ਤਰੀਕਿਆਂ ਚੋਂ ਕਿਸੇ ਵੀ ਇੱਕ ਰਾਹੀਂ ਵਾਪਸ ਭੇਜ ਸਕਦੇ ਹਨ: ਡਾਕ ਰਾਹੀਂ (ਡਾਕ-ਖਰਚ ਅਦਾ ਕੀਤਾ ਹੋਇਆ ਹੈ), ਕਿਸੇ ਵੀ ਬੈਲਟ ਡ੍ਰੌਪ-ਔਫ ਦੀ ਥਾਂ 'ਤੇ, ਜਾਂ ਕਾਉਂਟੀ ਵਿੱਚ ਬਣੇ ਕਿਸੇ ਵੋਟ ਕੇਂਦਰ 'ਤੇ। ਵੋਟਰਾਂ ਨੂੰ ਡਾਕ ਰਾਹੀਂ ਵੋਟ ਪਾਉਣਾ ਜ਼ਰੂਰੀ ਨਹੀਂ ਹੈ ਅਤੇ ਉਹ ਇਸਦੀ ਬਜਾਏ ਵੋਟਰਾਂ ਦੇ ਰਜਿਸਟਰਾਰ (ROV) ਦੇ ਦਫ਼ਤਰ ਵਿੱਚ ਜਾ ਕੇ ਜਾਂ Santa Clara ਕਾਉਂਟੀ ਵਿੱਚ ਬਣੇ ਵੋਟ ਕੇਂਦਰ 'ਤੇ ਜਾ ਕੇ ਬੈਲਟ ਪ੍ਰਾਪਤ ਕਰਕੇ ਵਿਅਕਤੀਗਤ ਤੌਰ 'ਤੇ ਵੋਟ ਪਾ ਸਕਦੇ ਹਨ। ਹੁਣ, ਵੋਟਰਾਂ ਕੋਲ ਵੋਟ ਪਾਉਣ ਲਈ ਸਿਰਫ਼ ਇੱਕ ਟਿਕਾਣਾ ਹੋਣ ਦੀ ਬਜਾਏ, ਕਾਉਂਟੀ ਵਿਚਲੇ ਵੋਟ ਕੇਂਦਰ ਹੁਣ ਚੋਣ ਵਾਲੇ ਦਿਨ ਖੁੱਲ੍ਹੇ ਹੋਣ ਦੇ ਨਾਲ-ਨਾਲ, ਚੋਣ ਵਾਲੇ ਦਿਨ ਤੋਂ ਕਈ ਦਿਨ ਪਹਿਲਾਂ ***ਸਾਰੇ***ਰਜਿਸਟਰਡ ਵੋਟਰਾਂ ਲਈ ਖੁੱਲ੍ਹੇ ਹੁੰਦੇ ਹਨ।

ਇਸ ਨੂੰ ਹੋਰ ਪੱਕਾ ਕਰਨ ਲਈ ਕਿ ਸਮੁਦਾਇ VCA ਦੀਆਂ ਤਬਦੀਲੀਆਂ ਬਾਰੇ ਪੂਰੀ ਤਰ੍ਹਾਂ ਨਾਲ ਸੂਚਿਤ ਹੈ, ROV ਵੱਲੋਂ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਅਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC), ਦੋਵਾਂ ਦਾ ਗਠਨ ਕੀਤਾ ਗਿਆ। VAAC ਦਾ ਉਦੇਸ਼ ਬਜ਼ੁਰਗਾਂ ਅਤੇ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਚੋਣਾਂ ਦੀ ਪ੍ਰਕਿਰਿਆ ਤੱਕ ਪਹੁੰਚਯੋਗਤਾ ਸੰਬੰਧੀ ਸਲਾਹ ਦੇਣਾ, ਇਸ ਵਿੱਚ ਹੋਣ ਵਾਲੇ ਸੁਧਾਰਾਂ ਵਿੱਚ ਸਹਿਯੋਗ ਕਰਨਾ, ਅਤੇ ਇਸ ਸੰਬੰਧੀ ਸਿਫਾਰਸ਼ਾਂ ਦਾਨ ਕਰਨਾ ਹੈ। VAAC ਦਾ ਮਿਸ਼ਨ ਹਰੇਕ ਵੋਟਰ ਨੂੰ ਵੋਟ ਪਾਉਣ ਦਾ ਇੱਕ ਸੁਤੰਤਰ ਅਤੇ ਨਿੱਜੀ ਮੌਕਾ ਪ੍ਰਦਾਨ ਕਰਨਾ ਹੈ। LAAC ਦਾ ਉਦੇਸ਼ ਉਨ੍ਹਾਂ ਵੋਟਰਾਂ ਲਈ, ਜੋ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾਂ ਬੋਲਦੇ ਹਨ, ਚੋਣਾਂ ਦੀ ਪ੍ਰਕਿਰਿਆ ਤੱਕ ਭਾਸ਼ਾ ਪਹੁੰਚਯੋਗਤਾ ਸੰਬੰਧੀ ਆਉਣ ਵਾਲੇ ਸਵਾਲਾਂ ਨੂੰ ਸੁਲਝਾਉਣ ਦੇ ਲਈ ਸਲਾਹ ਦੇਣਾ, ਸਹਿਯੋਗ ਕਰਨਾ, ਅਤੇ ਸਿਫ਼ਾਰਸ਼ਾਂ ਪ੍ਰਦਾਨ ਕਰਨਾ ਹੈ। ਕਿਸੇ ਵੀ ਤਰ੍ਹਾਂ ਦੇ ਭਾਸ਼ਾ ਪਹੁੰਚਯੋਗਤਾ ਸੰਬੰਧੀ ਮੌਕਿਆਂ ਵਿੱਚ ਸੁਧਾਰ ਕਰਨ ਵਿੱਚ ਸਹਿਯੋਗ ਕਰਨਾ ਹੀ LAAC ਦਾ ਮਿਸ਼ਨ ਹੈ। ਦੋਵੇਂ ਕਮੇਟੀਆਂ ROV ਨੂੰ ਮਹੱਤਵਪੂਰਨ ਮਾਰਗ-ਦਰਸ਼ਨ ਦੀ ਪੇਸ਼ਕਸ਼ ਕਰਦੀਆਂ ਹਨ ਅਤੇ ਇਹ ਵੋਟਰਾਂ ਤੱਕ ਪਹੁੰਚ ਅਤੇ ਕਾਉਂਟੀ ਲਈ ਚੋਣ ਪ੍ਰਸ਼ਾਸਨ, ਦੋਵਾਂ ਦਾ ਮੂਲ ਅੰਗ ਹਨ। ROV ਵੱਲੋਂ LAAC ਜਾਂ VAAC ਦੀ ਸਦੱਸਤਾ ਲਈ ਨਿਰੰਤਰ ਰੂਪ ਵਿੱਚ ਅਰਜੀਆਂ ਲਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਕਿਸੇ ਵੀ ਕਮੇਟੀ ਦੀ ਸਦੱਸਤਾ ਲਈ ਦਰਖ਼ਾਸਤ ਦੇਣ ਲਈ, ਅਰਜ਼ੀ ROV ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ: www.sccvote.org/voterschoice.

ROV ਨੇ ਆਪਣੇ ਵੋਟਰ ਸਿੱਖਿਆ ਪ੍ਰੋਗਰਾਮ ਦਾ ਹੋਰ ਵਿਸਤਾਰ ਕਰਨ ਲਈ ਵੋਟਰ ਐਜੂਕੇਸ਼ਨ ਐਂਡ ਆਊਟਰੀਚ ਕੋਐਲੀਸ਼ਨ (VEOC) ਨੂੰ ਸਥਾਪਤ ਕਰਨ ਦੀ ਵੀ ਯੋਜਨਾ ਸਥਾਪਤ ਕੀਤੀ ਹੈ, ਤਾਂ ਕਿ ਵਸਨੀਕਾਂ ਨੂੰ VCA ਅਤੇ ਸਮੁਦਾਇ ਦੀ ਸ਼ਮੂਲੀਅਤ ਦੇ ਮੌਕਿਆਂ ਬਾਰੇ ਸੂਚਿਤ ਕੀਤਾ ਜਾ ਸਕੇ। ਇਸ ਚੋਣ ਪ੍ਰਸ਼ਾਸਨ ਯੋਜਨਾ (EAP) ਵਿੱਚ ਇਨ੍ਹਾਂ ਕਮੇਟੀਆਂ ਅਤੇ ਹੋਰ ਭਾਈਵਾਲ ਸੰਸਥਾਵਾਂ ਦੇ ਵਿਚਾਰ ਅਤੇ ਜਾਣਕਾਰੀ ਸ਼ਾਮਲ ਹੁੰਦੀ ਹੈ। ਇਸ ਦੇ ਨਾਲ ਹੀ, ਸਾਡੇ ਔਨਲਾਈਨ ਫੀਡਬੈਕ ਫਾਰਮ ਅਤੇ ਜਨਤਕ EAP ਮੀਟਿੰਗਾਂ ਦੇ ਦੁਆਰਾ ਜਨਤਾ ਤੋਂ ਪ੍ਰਾਪਤ ਫੀਡਬੈਕ ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਜਾਂਦਾ ਹੈ ਅਤੇ ਜਿੱਥੇ ਉਚਿਤ ਹੋਵੇ, ਲਾਗੂ ਕੀਤਾ ਜਾਂਦਾ ਹੈ। ਭਾਈਚਾਰੇ ਦਾ ਸਹਿਯੋਗ ਪ੍ਰਾਪਤ ਕਰਨਾ

VCA ਦੇ ਤਹਿਤ ਚੋਣਾਂ ਦੇ ਸਫਲਤਾਪੂਰਵਕ ਆਯੋਜਨ ਲਈ ਅਤੇ Santa Clara ਕਾਉਂਟੀ ਵਿਖੇ ਚੋਣਾਂ ਕਰਵਾਉਣ ਲਈ ਨਵੀਂ ਕਾਰਜ-ਵਿਧੀ ਨੂੰ ਲਾਗੂ ਕਰਨ ਲਈ ਬਹੁਤ ਅਹਿਮ ਹੁੰਦਾ ਹੈ।

VCA ਦੇ ਅਧੀਨ ਕਾਉਂਟੀ ਦੀਆਂ ਚੋਣਾਂ ਦੇ ਸੰਚਾਲਨ 'ਤੇ ਜਨਤਾ ਤੋਂ ਪ੍ਰਾਪਤ ਫੀਡਬੈਕ ਦੁਆਰਾ, ROV ਨੇ ਬੇਨਤੀ ਕੀਤੇ ਬਦਲਾਵਾਂ ਨੂੰ ਦਰਸਾਉਣ ਲਈ ਸ਼ੁਰੂਆਤੀ EAP ਅਪਡੇਟ ਕੀਤਾ ਹੈ।

ਇਹ ਦਸਤਾਵੇਜ਼ ਇਸ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ ਕਿ Santa Clara ਕਾਉਂਟੀ ਕਿਵੇਂ VCA ਦੇ ਤਹਿਤ ਚੋਣਾਂ ਦਾ ਆਯੋਜਨ ਕਰਦੀ ਹੈ। ਸੰਦਰਭ ਲਈ, ਕੋਈ ਵੀ ਤਕਨੀਕੀ ਜਾਂ ਚੋਣ ਵਿਸਿਸ਼ਟ ਸਬਦਾਂ ਨੂੰ ਅੰਤਕਾ A ਵਿੱਚ ਦਿੱਤੀ ਸ਼ਬਦਾਵਲੀ ਵਿੱਚ ਪ੍ਰਭਾਸ਼ਿਤ ਕੀਤਾ ਗਿਆ ਹੈ।

# ਭਾਗ 1 – ਚੋਣ ਪ੍ਰਸ਼ਾਸਨ ਯੋਜਨਾ

ਹਰ ਉਹ ਕਾਉਂਟੀ ਜੋ ਵੋਟਰ ਪਸੰਦ ਅਧਿਨਿਯਮ (VCA) ਨੂੰ ਲਾਗੂ ਕਰ ਰਹੀ ਹੈ, ਉਸ ਲਈ ਇੱਕ ਚੋਣ ਪ੍ਰਸ਼ਾਸਨ ਯੋਜਨਾ ਦਾ ਡ੍ਰਾਫ਼ਟ ਤਿਆਰ ਕਰਨਾ ਲਾਜ਼ਮੀ ਹੈ, ਜਿਸ ਵਿੱਚ ਇਨ੍ਹਾਂ ਤਬਦੀਲੀਆਂ ਨਾਲ ਵੋਟਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝਣ ਸੰਬੰਧੀ ਅਹਮ ਜਾਣਕਾਰੀ ਸ਼ਾਮਲ ਕਰਨਾ ਜ਼ਰੂਰੀ ਹੈ। EAP ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: ਭਾਗ 1 - ਚੋਣ ਪ੍ਰਸ਼ਾਸਨ ਅਤੇ ਭਾਗ 2 – ਸਿੱਖਿਆ ਅਤੇ ਪਹੁੰਚ ਯੋਜਨਾ।

## ਡਾਕ ਰਾਹੀਂ ਵੋਟ (VBM) ਪ੍ਰਕਿਰਿਆ

EAP ਵਿੱਚ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ ਦੇ ਟਿਕਾਣੇ ਅਤੇ ਸਮਿਆਂ ਬਾਰੇ ਜਾਣਕਾਰੀ, ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਅਤੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੀ ਸਥਾਪਨਾ ਸੰਬੰਧੀ ਜਾਣਕਾਰੀ, ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਸੰਬੰਧੀ ਜਾਣਕਾਰੀ, ਜਨਤਕ ਇਨਪੁਟ ਅਤੇ ਸੂਚਨਾ ਸੰਬੰਧੀ ਵਿਚਾਰ, ਅਤੇ ਹੋਰ ਸੰਬੰਧਿਤ ਸਮੱਗਰੀ ਸ਼ਾਮਲ ਹੁੰਦੀ ਹੈ।

ਵੋਟ ਕੇਂਦਰ ਮਾਡਲ ਵਿੱਚ, ਸਾਰੇ ਰਜਿਸਟਰਡ ਵੋਟਰਾਂ ਨੂੰ ਆਪਣੇ-ਆਪ ਇੱਕ ਅਧਿਕਾਰਕ ਡਾਕ ਰਾਹੀਂ ਵੋਟ ਪੈਕੇਟ ਭੇਜਿਆ ਜਾਂਦਾ ਹੈ। ਵੋਟਰਾਂ ਨੂੰ ਇਹ ਪੈਕੇਟ ਇੱਕ ਚਿੱਟੇ ਲਿਫਾਫੇ ਵਿੱਚ ਭੇਜਿਆ ਜਾਵੇਗਾ ਜਿਸ ਵਿੱਚ ਹੇਠਾਂ ਲਿਖੀਆਂ ਚੀਜ਼ਾਂ ਸ਼ਾਮਲ ਹੋਣਗੀਆਂ:

- ਵੋਟ ਨੂੰ ਵਾਪਸ ਭੇਜਣ ਲਈ ਇੱਕ ਨੀਲਾ ਲਿਫਾਫਾ
- ਅਧਿਕਾਰਿਕ ਬੈਲਟ, ਜੋ ਕਿ ਚੋਣਾਂ ਵਾਸਤੇ ਹੋਣ ਵਾਲੇ ਮੁਕਾਬਲਿਆਂ ਦੀ ਗਿਣਤੀ ਦੇ ਆਧਾਰ 'ਤੇ ਬਹੁ-ਗਿਣਤੀ ਬੈਲਟ ਕਾਰਡਾਂ ਵਿੱਚ ਵੀ ਹੋ ਸਕਦਾ ਹੈ
- ਇੱਕ ਸ਼ੀਟ ਜਿਸ ਅੰਦਰ ਬੈਲਟ ਨੂੰ ਪੂਰਾ ਕਰਨ ਅਤੇ ਇਸ ਨੂੰ ਵਾਪਸ ਭੇਜਣ ਬਾਰੇ ਹਦਾਇਤਾਂ ਸ਼ਾਮਲ ਹੁੰਦੀਆਂ ਹਨ
- ਇੱਕ ਸ਼ੀਟ ਜਿਸ ਵਿੱਚ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਦੀਆਂ ਥਾਵਾਂ ਅਤੇ ਉਨ੍ਹਾਂ ਦੇ ਖੁੱਲ੍ਹੇ ਰਹਿਣ ਦੇ ਸਮਿਆਂ ਬਾਰੇ ਜਾਣਕਾਰੀ ਹੋਵੇਗੀ
- ਇੱਕ "I Voted" (ਮੈਂ ਵੋਟ ਪਾਇਆ ਹੈ) ਸਟਿੱਕਰ
- ਇੱਕ ਵਾਧੂ ਸ਼ੀਟ ਜਿਸ ਵਿੱਚ ਵਧੇਰੀ ਜਾਣਕਾਰੀ ਸ਼ਾਮਲ ਹੋਵੇਗੀ, ਜੇ ਲੋੜੀਂਦੀ ਹੋਵੇ

ਸਾਰੇ ਅਧਿਕਾਰਿਕ ਬੈਲਟ ਸਯੁੰਕਤ ਰਾਜ ਪੋਸਟਲ ਸੇਵਾ ਰਾਹੀਂ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਭੇਜੇ ਜਾਣੇ ਸ਼ੁਰੂ ਕੀਤੇ ਜਾਂਦੇ ਹਨ। ਵੋਟਰ ਜਲਦੀ ਹੀ ਆਪਣੇ ਡਾਕ ਰਾਹੀਂ ਵੋਟ ਪੈਕੇਟ ਪ੍ਰਾਪਤ ਕਰਨੇ ਸ਼ੁਰੂ ਕਰ ਦੇਣਗੇ।

ਇੱਕ ਵਾਰ ਉਨ੍ਹਾਂ ਦਾ ਆਪਣਾ ਡਾਕ ਰਾਹੀਂ ਵੋਟ ਬੈਲੇਟ ਪੂਰਾ ਕਰ ਲੈਣ 'ਤੇ, ਵੋਟਰ ਆਪਣਾ ਬੈਲਟ ਪ੍ਰਦਾਨ ਕੀਤੇ ਹੋਏ ਡਾਕ ਖਰਚ ਅਦਾ ਕੀਤੇ ਵਾਪਸੀ ਲਿਫਾਫੇ ਦੀ ਵਰਤੋਂ ਕਰਕੇ ਮਿਆਰੀ ਡਾਕ ਰਾਹੀ ਵਾਪਸ ਕਰ ਸਕਦੇ ਹਨ, ਜਾ ਕਿਸੇ ਵੋਟ ਕੇਂਦਰ ਜਾ ਬੈਲਟ ਡ੍ਰੌਪ-ਔਫ ਟਿਕਾਣੇ 'ਤੇ ਵੀ ਵਾਪਸ ਕਰ ਸਕਦੇ ਹਨ। ਸਾਰੇ ਵੋਟ ਕੇਂਦਰ ਬੈਲਟ ਡ੍ਰੌਪ-ਔਫ ਟਿਕਾਣਿਆਂ ਵਜੋਂ ਵੀ ਕੰਮ ਕਰਦੇ ਹਨ, ਜਦੋਂ ਕਿ ਕੁਝ ਬੈਲਟ ਡ੍ਰੌਪ-ਔਫ ਟਿਕਾਣੇ ਸਿਰਫ਼ ਡ੍ਰੌਪ-ਔਫ ਹੀ ਸਵੀਕਾਰ ਕਰਦੇ ਹਨ ਅਤੇ ਕਾਉਂਟੀ ਦੇ ਨਿਰਧਾਰਿਤ ਖੇਤਰਾਂ ਵਿੱਚ ਸਥਾਪਤ ਕੀਤੇ ਜਾਂਦੇ ਹਨ।

ਜੇਕਰ ਕਿਸੇ ਵੋਟਰ ਨੂੰ ਬੈਲਟ ਸਮੇਂ ਸਿਰ ਨਹੀਂ ਮਿਲਦਾ, ਜਾਂ ਉਨ੍ਹਾਂ ਤੋਂ ਆਪਣੇ ਬੈਲਟ ਵਿੱਚ ਕੋਈ ਗਲਤੀ ਹੋ ਜਾਂਦੀ ਹੈ, ਤਾਂ ਉਹ ਆਪਣਾ ਬੈਲਟ ਬਦਲਣ ਦੀ ਬੇਨਤੀ ਕਰ ਸਕਦੇ ਹਨ। ਉਨ੍ਹਾਂ ਨੂੰ ਆਪਣੇ ਬਦਲਵੇਂ ਬੈਲਟ ਨਾਲ ਇੱਕ ਨਵਾਂ ਡਾਕ ਰਾਹੀਂ ਵੋਟ ਪੈਕੇਟ ਮੇਲ ਵਿੱਚ ਭੇਜ ਦਿੱਤਾ ਜਾਂਦਾ ਹੈ। ਜੇਕਰ ਉਹ ਆਪਣਾ ਬੈਲਟ ਚੋਣ ਵਾਲੇ ਦਿਨ ਤੋਂ ਸੱਤ ਦਿਨ ਪਹਿਲਾਂ ਤੋਂ ਵੀ ਘੱਟ ਸਮੇਂ ਅੰਦਰ ਬਦਲਵਾਉਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਇੱਕ ਨਵਾਂ ਬੈਲਟ ਲੈਣ ਲਈ ਵੋਟਰਾਂ ਦੇ ਰਜਿਸਟਰਾਰ (ROV) ਦੇ ਦਫ਼ਤਰ, ਜਾਂ ਕਿਸੇ ਵੋਟ ਕੇਂਦਰ ਵਿੱਚ ਜਾਣਾ ਪਵੇਗਾ।

ਉਨ੍ਹਾਂ ਰਜਿਸਟਰਡ ਵੋਟਰਾਂ ਲਈ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਨੂੰ ਛੱਡ ਕੇ ਕੋਈ ਹੋਰ ਭਾਸ਼ਾ ਬੋਲਦੇ ਹਨ, ਬੈਲਟ ਅੱਠ ਭਾਸ਼ਾਵਾਂ ਵਿੱਚ ਉਪਲਬਧ ਕਰਵਾਏ ਜਾਂਦੇ ਹਨ: ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ, ਹਿੰਦੀ ਅਤੇ ਜਪਾਨੀ। ਚੋਣ ਕੋਡ § 14201 ਦੀ ਅਨੁਪਾਲਣਾ ਕਰਦੇ ਹੋਏ ਲਕਸ਼ਿਤ ਖੇਤਰਾਂ ਵਿੱਚ ਬੇਨਤੀ ਕਰਨ 'ਤੇ ਪ੍ਰਤਿਲਿਪੀ ਬੈਲਟ ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ ਭਾਸ਼ਾਵਾਂ ਵਿੱਚ ਵੀ ਉਪਲਬਧ ਹਨ। ਉਨ੍ਹਾਂ ਰਜਿਸਟਰਡ ਵੋਟਰਾਂ ਦੀਆਂ ਭਾਸ਼ਾਵਾਂ ਦੇ ਆਧਾਰ 'ਤੇ, ਭੂਗੋਲਿਕ ਜਾਣਕਾਰੀ ਪ੍ਰਣਾਲੀਆਂ ਦਾ ਮੈਪਿੰਗ ਵਿਭਾਗ ਇਹ ਨਿਰਧਾਰਤ ਕਰਦਾ ਹੈ ਕਿ ਹਰੇਕ ਚੋਣ ਦੇ ਅੰਦਰ ਕਿਹੜੇ ਖੇਤਰ ਹੁੰਦੇ ਹਨ, ਜਿੰਨਾਂ ਨੂੰ ਪ੍ਰਤਿਲਿਪੀ ਬੈਲਟ ਪ੍ਰਾਪਤ ਹੁੰਦਾ ਹੈ। ਇਨ੍ਹਾਂ ਭਾਸ਼ਾਵਾਂ ਵਿੱਚੋਂ, ਵੋਟਰ ਆਪਣੀ ਤਰਜੀਹੀ ਭਾਸ਼ਾ, ਵੋਟ ਲਈ ਰਜਿਸਟਰ ਕਰਨ ਵੇਲੇ, ਰਜਿਸਟਰੇਸ਼ਨ ਫ਼ਾਰਮ ਵਿੱਚ ਨਿਰਧਾਰਿਤ ਕਰ ਸਕਦੇ ਹਨ। ਬੈਲਟ ਅਤੇ ਡਾਕ ਰਾਹੀਂ ਵੋਟ ਸੰਬੰਧੀ ਸਮੱਗਰੀ ਉਨ੍ਹਾਂ ਨੂੰ ਉਨ੍ਹਾਂ ਦੀ ਤਰਜੀਹੀ ਭਾਸ਼ਾ ਵਿੱਚ ਭੇਜੇ ਜਾਂਦੇ ਹਨ। ਵੋਟਰ ਆਪਣੀ ਤਰਜੀਹੀ ਭਾਸ਼ਾ ਨੂੰ ਬਦਲਣ ਦੀ ਬੇਨਤੀ ਕਰਨ ਲਈ ROV ਦਫ਼ਤਰ ਨੂੰ ਫ਼ੋਨ (408) 299-VOTE, ਫੈਕਸ (408) 998-7314, ਈਮੇਲ voterinfo@rov.sccgov.org ਰਾਹੀਂ ਸੰਪਰਕ ਕਰ ਸਕਦੇ ਹਨ, ਜਾਂ ਵਿਅਕਤੀਗਤ ਤੌਰ 'ਤੇ ਮਿਲ ਸਕਦੇ ਹਨ, ਜਾਂ ਵੋਟਰ ਕਾਰਵਾਈ ਬੇਨਤੀ ਫ਼ਾਰਮ (VARF) ਰਾਹੀਂ ਵੀ ਬੇਨਤੀ ਕਰ ਸਕਦੇ ਹਨ। ਕੋਈ ਵੋਟਰ VARF ਨੂੰ ROV ਦਫ਼ਤਰ ਤੋਂ ਖੁਦ ਜਾ ਕੇ ਵੀ ਲੈ ਸਕਦਾ ਹੈ, ਜਾਂ ਇਹ ਉਨ੍ਹਾਂ ਨੂੰ ਈਮੇਲ, ਫੈਕਸ, ਜਾਂ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ। ਵਿਕਲਪਿਕ ਤੌਰ 'ਤੇ, VARF ਨੂੰ ROV ਦੀ ਵੈੱਬਸਾਈਟ 'ਤੇ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੇ ਅੰਦਰ ਵੀ ਦੇਖਿਆ ਜਾ ਸਕਦਾ ਹੈ।

## ਪਹੁੰਚਯੋਗ ਡਾਕ ਰਾਹੀਂ ਵੋਟ

ਵੋਟਰ ROV ਦਫਤਰ ਨਾਲ ਸੰਪਰਕ ਕਰਕੇ, ਆਪਣੀ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੀ ਇਲੈਕਟ੍ਰਾਨਿਕ ਕਾਪੀ ਲਈ ਬੇਨਤੀ ਕਰ ਸਕਦੇ ਹਨ, ਜਿਸਨੂੰ ਪਹੁੰਚਯੋਗਤਾ ਲਈ ਟੈਗ ਕੀਤਾ ਗਿਆ ਹੈ। ਇੱਕ ਵਾਰ ਵੋਟਰ ਦੇ ਇਹ ਬੇਨਤੀ ਕਰਨ 'ਤੇ, ਉਨ੍ਹਾਂ ਨੂੰ ਇੱਕ ਸਥਾਈ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ ਅਤੇ ਹਰੇਕ ਚੋਣ ਲਈ ਸਾਡੀ ਵੈੱਬਸਾਈਟ 'ਤੇ ਪਹੁੰਚਯੋਗ ਵੋਟਿੰਗ ਸਮੱਗਰੀ ਪੋਸਟ ਕੀਤੇ ਜਾਣ ਤੋਂ ਬਾਅਦ ਸਾਡੇ ਦਫ਼ਤਰ ਤੋਂ ਇੱਕ ਈਮੇਲ ਪ੍ਰਾਪਤ ਹੋਵੇਗੀ। ਉਨ੍ਹਾਂ ਨੂੰ ਸਿਰਫ਼ ਅਕਿਰਿਆਸ਼ੀਲ ਹੋਣ 'ਤੇ, ਉਸ ਕਾਉਂਟੀ ਵਿੱਚੋਂ ਬਾਹਰ ਚਲੇ ਜਾਣ 'ਤੇ, ਮੁਜਰਮਾਂ ਦੀ ਸੂਚੀ ਵਿੱਚ ਸ਼ਾਮਲ ਹੋ ਜਾਣ 'ਤੇ, ਜਾਂ ਮੌਤ ਹੋ ਜਾਣ 'ਤੇ ਸੂਚੀ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ।

ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਸਿਸਟਮ ਦੀ ਵਰਤੋਂ ਕਰਨਾ, ਇੱਕ ਹੋਰ ਪਹੁੰਚਯੋਗ ਵਿਕਲਪ ਜਿਸਦੀ ਵੋਟਰ ਬੇਨਤੀ ਕਰ ਸਕਦੇ ਹਨ। RAVBM ਸਿਸਟਮ ਨੂੰ ਸ਼ੁਰੂ ਵਿੱਚ ਅਪਾਹਜਤਾ ਵਾਲੇ ਰਜਿਸਟਰਡ ਵੋਟਰਾਂ ਦੀ ਵਰਤੋਂ ਦੇ ਨਾਲ-ਨਾਲ ਫ਼ੌਜ ਵਿੱਚ ਸ਼ਾਮਲ ਲੋਕਾਂ ਅਤੇ ਕਿਸੇ ਦੂਜੇ ਦੇਸ਼ ਵਿੱਚ ਰਹਿਣ ਵਾਲੇ ਵੋਟਰਾਂ[1] ਲਈ ਮਨੋਨੀਤ ਕੀਤਾ ਗਿਆ ਸੀ। ਹਾਲਾਂਕਿ, California ਅਸੈਂਬਲੀ ਬਿੱਲ (AB) 37 ਹੁਣ ਕਿਸੇ ਵੀ ਵੋਟਰ ਨੂੰ RAVBM ਸਿਸਟਮ ਦੀ ਵਰਤੋਂ ਕਰਨ ਦਿੰਦਾ ਹੈ। ਇਸ RAVBM ਸਿਸਟਮ ਦਾ ਉਦੇਸ਼ ਇੰਟਰਨੈੱਟ ਰਾਹੀਂ ਬੈਲਟ 'ਤੇ ਵੋਟ ਪਾਉਣਾ ਨਹੀਂ ਹੈ। RAVBM ਵੋਟਰਾਂ ਨੂੰ ਲਿੰਕ ਦੇ ਨਾਲ ਇੱਕ ਈਮੇਲ ਭੇਜੀ ਜਾਂਦੀ ਹੈ, ਜਿਸ ਤੋਂ ਉਹ ਆਪਣੇ ਅਧਿਕਾਰਿਕ ਬੈਲਟ ਤੱਕ ਪਹੁੰਚ ਕਰ ਸਕਣਗੇ ਅਤੇ ਨਾਲ ਹੀ ਉਸ ਵਿੱਚ ਬੈਲਟ ਨੂੰ ਡਾਊਨਲੋਡ ਕਰਨ, ਪ੍ਰਿੰਟ ਕਰਨ, ਉਸਨੂੰ ਪੂਰਾ ਕਰਨ, ਅਤੇ ਚੋਣ ਵਾਲੇ ਦਿਨ, ਜਾਂ ਇਸ ਤੋਂ ਪਹਿਲਾਂ, ਪੋਸਟਮਾਰਕ ਦੇ ਨਾਲ ਆਪਣੀ ਬੈਲਟ ਵਾਪਸ ਕਰਨ, ਅਤੇ ਚੋਣ ਦੇ ਦਿਨ ਤੋਂ ਸੱਤ ਦਿਨਾਂ ਤੱਕ ਦੁਆਰਾ ਪ੍ਰਾਪਤ ਕਰਨ ਸੰਬੰਧੀ ਹਿਦਾਇਤਾਂ ਸ਼ਾਮਲ ਹੋਣਗੀਆਂ। ਵੋਟਰਾਂ ਦਾ, ਉਸ ਈਮੇਲ ਵਾਲੇ ਲਿੰਕ ਦੀ ਵਰਤੋਂ ਕਰਦੇ ਹੋਏ ਬੈਲਟ ਨੂੰ ਆਪਣੇ ਡਿਵਾਇਸ 'ਤੇ ਡਾਊਨਲੋਡ ਕਰਕੇ ਆਪਣੇ ਵਿਅਕਤੀਗਤ ਪਹੁੰਚਯੋਗ ਫੀਚਰਾਂ ਦੀ ਵਰਤੋਂ ਕਰਦੇ ਹੋਏ ਉਸਨੂੰ ਪੜ੍ਹਨਾ ਅਤੇ ਨਿਸ਼ਾਨਬੱਧ ਕਰਨਾ ਲਾਜ਼ਮੀ ਹੈ। ਜਿਵੇਂ ਕਿ ਕਿਸੇ ਵੀ ਰਜਿਸਟਰਡ ਵੋਟਰ ਨਾਲ ਹੁੰਦਾ ਹੈ, RAVBM ਵੋਟਰ ਵੀ ਆਪਣਾ ਬੈਲਟ ਤਿੰਨ ਤਰੀਕਿਆਂ ਨਾਲ ਵਾਪਸ ਭੇਜ ਸਕਦਾ ਹੈ: ਸਧਾਰਨ ਡਾਕ ਰਾਹੀਂ, ਬੈਲਟ ਡ੍ਰੌਪ-ਬੌਕਸ ਵਿੱਚ ਆਪਣਾ ਬੈਲਟ ਪਾ ਕੇ, ਜਾਂ ਕਿਸੇ ਵੋਟ ਕੇਂਦਰ ਵਿੱਚ ਇਸ ਨੂੰ ਵਾਪਸ ਕਰਕੇ। RAVBM ਬਾਰੇ ਵਾਧੂ ਜਾਣਕਾਰੀ ROV ਵੈੱਬਸਾਈਟ 'ਤੇ ਪਾਈ ਜਾ ਸਕਦੀ ਹੈ: https://sccvote.sccgov.org/vote-mail/accessible-voting-ravbm.

ਵਾਪਸ ਕਰਨ ਦਾ ਤਰੀਕਾ ਭਾਵੇਂ ਕੋਈ ਵੀ ਹੋਵੇ, ਪਰ ਬੈਲਟ ਇੱਕ ਲਿਫਾਫੇ ਵਿੱਚ ਵਾਪਸ ਕੀਤੇ ਜਾਣੇ ਲਾਜ਼ਮੀ ਹਨ। ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਵੋਟਰ ਵਾਪਸੀ ਵਾਲੇ ਲਿਫਾਫੇ ਦੀ ਵਰਤੋਂ ਕਰਨ ਜੋ ਡਾਕ ਰਾਹੀਂ ਵੋਟ ਲਿਫਾਫੇ ਵਿੱਚ ਸ਼ਾਮਲ ਹੈ। ਡਾਕ ਰਾਹੀਂ ਵੋਟ ਵਾਪਸੀ ਵਾਲੇ ਲਿਫਾਫੇ ਵਿੱਚ ਦਸਤਖਤ ਲਾਈਨ ਦੇ ਨੇੜੇ ਦੋ ਛੇਕ ਹੁੰਦੇ ਹਨ ਜਿਹੜੇ ਦਸਤਖਤ ਲਾਈਨ ਦਾ ਪਤਾ ਲਗਾਉਣ ਵਿੱਚ ਉਨ੍ਹਾਂ ਵੋਟਰਾਂ ਦੀ ਮਦਦ ਕਰਦੇ ਹਨ ਜਿਨ੍ਹਾਂ ਨੂੰ ਦਿਖਾਈ ਨਹੀਂ ਦਿੰਦਾ ਹੈ। ਉਹ ਬੈਲਟ ਵਾਪਸੀ ਲਿਫਾਫਿਆਂ ਨੂੰ ਬਦਲਣ ਦੀ ਬੇਨਤੀ ਕਰਨ ਵਾਸਤੇ ROV ਦੇ ਟੋਲ ਫ਼ਰੀ ਨੰਬਰ (866) 430-8683 'ਤੇ ਕਾਲ ਕਰ ਸਕਦੇ ਹਨ, ਜਾਂ ਕਿਸੇ ROV ਦਫ਼ਤਰ ਜਾਂ ਵੋਟ ਕੇਂਦਰ ’ਤੇ ਜਾ ਕੇ ਇਸ ਨੂੰ ਲੈ ਸਕਦੇ ਹਨ। ਬਦਲਵੇਂ ਬੈਲਟ ਵਾਪਸੀ ਲਿਫਾਫੇ ਵੀ ਬੈਲਟ ਡ੍ਰੌਪ-ਬੌਕਸਾਂ 'ਤੇ ਉਪਲਬਧ ਕਰਵਾਏ ਗਏ ਹਨ। ਵੋਟਰ ਆਪਣਾ ਲਿਫਾਫਾ ਵਰਤਣ ਦੀ ਚੋਣ ਵੀ ਕਰ ਸਕਦੇ ਹਨ, ਪਰ ਇੰਝ ਕਰਨ 'ਤੇ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਿੰਟ ਕੀਤਾ ਅਤੇ ਦਸਤਖ਼ਤ ਕੀਤਾ ਵੋਟਰ ਦਾ ਸਹੁੰ ਵਾਲਾ ਪੰਨਾ ਬੈਲਟ ਦੇ ਨਾਲ ਨੱਥੀ ਕਰਨਾ ਹੋਵੇਗਾ। ਬੈਲਟ ਦੇ ਨਾਲ ਵੋਟਰ ਦਾ ਸਹੁੰ ਵਾਲਾ ਪੰਨਾ RAVBM ਈਮੇਲ ਲਿੰਕ ਤੋਂ ਡਾਊਨਲੋਡ ਕੀਤਾ ਜਾਣਾ ਚਾਹੀਦਾ ਹੈ। ਜੇਕਰ ਬੈਲਟ ਦੀ ਵਾਪਸੀ ਮਿਆਰੀ ਡਾਕ ਰਾਹੀਂ ਕੀਤੀ ਜਾ ਰਹੀ ਹੈ, ਤਾਂ ਬੈਲਟ ਵਾਪਸੀ ਵਾਲੇ ਲਿਫਾਫੇ ’ਤੇ ਕੋਈ ਡਾਕ ਟਿਕਟ ਲਗਾਉਣ ਦੀ ਲੋੜ ਨਹੀਂ ਹੁੰਦੀ, ਪਰ ਜੇ ਕੋਈ ਵੋਟਰ ਆਪਣਾ ਲਿਫਾਫਾ ਵਰਤ ਕੇ ਬੈਲਟ ਵਾਪਸ ਭੇਜ ਰਿਹਾ ਹੈ ਤਾਂ ਉਚਿਤ ਡਾਕ ਟਿਕਟ ਲਗਾਉਣ ਦੀ ਲੋੜ ਹੋਵੇਗੀ।

## ਐਮਰਜੈਂਸੀ ਬੈਲਟ ਡਿਲੀਵਰੀ

ਹਸਪਤਾਲ ਵਿੱਚ ਦਾਖ਼ਲ ਅਤੇ ਅਯੋਗ ਵੋਟਰਾਂ ਲਈ, ਅਤੇ ਨਾਲ ਹੀ ਉਨ੍ਹਾਂ ਵੋਟਰਾਂ ਲਈ ਜੋ ਕਿਸੇ ਡਾਕਟਰੀ ਸੰਕਟਕਾਲ ਕਰਕੇ ਆਪਣੇ ਘਰ ਵਿਚੋਂ ਬਾਹਰ ਨਹੀਂ ਆ ਸਕਦੇ, ਸੰਕਟਕਾਲੀਨ ਬੈਲਟ ਡਿਲੀਵਰੀ ਪ੍ਰਕਿਰਿਆ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਵੋਟਰਾਂ ਨੂੰ ਬੈਲਟ ਦੀ ਲੋੜ ਹੁੰਦੀ ਹੈ ਪਰ ਉਹ ਆਪ ਆ ਕੇ ਉਸਨੂੰ ਪ੍ਰਾਪਤ ਨਹੀਂ ਕਰ ਸਕਦੇ। ਇੱਕ ਐਮਰਜੈਂਸੀ ਬੈਲਟ ਡਿਲੀਵਰੀ ਦੀ ਅਰਜ਼ੀ ਨੂੰ ਭਰ ਕੇ ਵਾਪਸ ਕਰਨਾ ਹੁੰਦਾ ਹੈ ਤਾਂ ਕਿ ROV ਦੀ ਚੋਣ ਜਾਣਕਾਰੀ ਪ੍ਰਬੰਧਕ ਪਣਾਲੀ (EIMS) ਰਾਹੀਂ ਮੌਜੂਦਾ ਰਜਿਸਟਰੇਸ਼ਨ ਅਤੇ ਦਸਤਖ਼ਤ ਮਿਲਾਨ ਕਰਕੇ ਇਸਦੀ ਪੁਸ਼ਟੀ ਕੀਤੀ ਜਾ ਸਕੇ। ਰਜਿਸਟਰਡ ਵੋਟਰ ਲਈ ਐਮਰਜੈਂਸੀ ਬੈਲਟ ਡਿਲੀਵਰੀ ਦੀ ਅਰਜ਼ੀ ਨੂੰ ਪੂਰਾ ਕਰਨਾ, ਉਸ 'ਤੇ ਦਸਤਖ਼ਤ ਕਰਨੇ, ਅਤੇ ਤਾਰੀਖ਼ ਪਾਉਣੀ ਲਾਜ਼ਮੀ ਹੈ। ਜੇਕਰ ਵੋਟਰ ਅਰਜ਼ੀ ਤੇ ਦਸਤਖ਼ਤ ਨਹੀਂ ਕਰ ਸਕਦਾ, ਤਾਂ ਕੋਈ ਦੂਜਾ ਵਿਅਕਤੀ ਵੋਟਰ ਦੀ “X” ਦਾ ਨਿਸ਼ਾਨ ਲਗਾ ਕੇ ਦਸਤਖ਼ਤ ਕਰਨ ਵਿੱਚ ਮਦਦ ਕਰ ਸਕਦਾ ਹੈ। ਵੋਟਰ ਦੀ ਸਹਾਇਤਾ ਕਰਨ ਵਾਲੇ ਨੁਮਾਇੰਦੇ ਨੂੰ ਆਪਣਾ ਨਾਮ ਛਾਪਣਾ ਅਤੇ ਆਪਣੇ ਦਸਤਖ਼ਤ ਕਰਨੇ ਚਾਹੀਦੇ ਹਨ ਅਤੇ ਐਮਰਜੈਂਸੀ ਬੈਲਟ ਡਿਲੀਵਰੀ ਕੀਤੀ ਗਈ ਦਰਖ਼ਾਸਤ ਨੂੰ ਬਰਗਰ ਡਰਾਈਵ 'ਤੇ ਬਣੇ ROV ਦੇ ਮੁੱਖ ਦਫਤਰ ਨੂੰ ਵਾਪਸ ਕਰਨਾ ਚਾਹੀਦਾ ਹੈ। ROV ਦਫ਼ਤਰ ਵੱਲੋਂ ਵੋਟਰ ਦੀ ਜਾਣਕਾਰੀ ਅਤੇ ਦਸਤਖ਼ਤ ਦੀ ਪੁਸ਼ਟੀ EIMS ਵਿੱਚ ਕੀਤੀ ਜਾਵੇਗੀ, ਅਤੇ ਇੱਕ ਵਾਰ ਪੁਸ਼ਟੀ ਹੋਣ 'ਤੇ, ਵੋਟਰ ਨੂੰ ਇੱਕ ਬੈਲਟ ਜਾਰੀ ਕੀਤਾ ਜਾ ਸਕਦਾ ਹੈ ਅਤੇ ਇੱਕ ਸੰਪੂਰਨ ਡਾਕ ਰਾਹੀਂ ਵੋਟ ਪੈਕੇਜ ਤਿਆਰ ਕੀਤਾ ਜਾਂਦਾ ਹੈ। ਫਿਰ ਉਹ ਨੁਮਾਇੰਦਾ ਜੋ ਵੋਟਰ ਦੀ ਮਦਦ ਕਰ ਰਿਹਾ ਹੈ, ਇਹ ਬੈਲਟ ਉਸ ਵੋਟਰ ਦੇ ਸੰਬੰਧਿਤ ਟਿਕਾਣੇ 'ਤੇ

[1] California ਚੋਣ ਕੋਡ §303.3 ਦੇਖੋ

ਲੈ ਕੇ ਜਾਵੇਗਾ। ਇੱਕ ਵਾਰ ਪੂਰਾ ਹੋਣ 'ਤੇ, ਬੈਲਟ ਨੂੰ ROV ਦੇ ਮੁੱਖ ਦਫ਼ਤਰ, ਕਿਸੇ ਵੋਟ ਕੇਂਦਰ, ਜਾਂ ਕਿਸੇ ਡ੍ਰੌਪ-ਔਫ ਦੇ ਟਿਕਾਣੇ ਵਿਖੇ ਬਾਕੀ ਦੇ ਡਾਕ ਰਾਹੀਂ ਵੋਟ ਬੈਲਟਾਂ ਦੇ ਨਾਲ ਮਿਲ ਕੇ ਕਾਰਵਾਈ ਕਰਨ ਲਈ ਵਾਪਸ ਭੇਜਿਆ ਜਾ ਸਕਦਾ ਹੈ। ਕਾਉਂਟੀ ਜੇਲਾਂ ਦੇ ਵਿੱਚ ਬੰਦ ਸਜਾ ਭੁਗਤ ਰਹੇ ਵੋਟਰ ਵੀ ਸੰਕਟਕਾਲੀਨ ਬੈਲਟ ਡਿਲੀਵਰੀ ਪ੍ਰਕਿਰਿਆ ਦੀ ਵਰਤੋਂ ਕਰ ਸਕਦੇ ਹਨ। ਰਾਜ ਅਤੇ ਸੰਘੀ ਜੇਲਾਂ ਦੇ ਵਿੱਚ ਬੰਦ ਸਜਾ-ਯੁਕਤ ਵੋਟਰ ਕਨੂੰਨ ਅਨੁਸਾਰ ਵੋਟ ਪਾਉਣ ਦੇ ਯੋਗ ਨਹੀਂ ਹੁੰਦੇ ਹਨ।

## ਬੈਲਟ ਡ੍ਰੌਪ-ਔਫ ਟਿਕਾਣੇ

California ਚੋਣ ਕੋਡ ਵੱਲੋਂ ਕੁਝ ਮਾਪਦੰਡ ਨਿਰਧਾਰਿਤ ਕੀਤੇ ਜਾਂਦੇ ਹਨ ਜਿਸ ਦੇ ਅਨੁਸਾਰ ਕਾਉਂਟੀ ਵਾਸਤੇ ਵੋਟਰਾਂ ਨੂੰ ਬੈਲਟ ਡ੍ਰੌਪ-ਔਫ ਟਿਕਾਣੇ ਮੁਹੱਈਆ ਕਰਵਾਉਣੇ ਲਾਜ਼ਮੀ ਹੁੰਦੇ ਹਨ। ਹਰ 15,000 ਰਜਿਸਟਰਡ ਵੋਟਰਾਂ ਲਈ ਇੱਕ (1) ਬੈਲਟ ਡ੍ਰੌਪ-ਔਫ ਟਿਕਾਣਾ ਹੋਣਾ ਜ਼ਰੂਰੀ ਹੈ, ਜੋ ਕਿ ਚੋਣਾਂ ਵਾਲੇ ਦਿਨ ਤੋਂ 28 ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ 29 ਦਿਨਾਂ ਲਈ ਉਪਲਬਧ ਰਹਿਣਾ ਲਾਜ਼ਮੀ ਹੈ।

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਰਜਿਸਟਰਡ ਵੋਟਰਾਂ ਦੇ ਮੌਜੂਦਾ ਨੰਬਰਾਂ ਦੇ ਅਨੁਸਾਰ, ਡ੍ਰੌਪ-ਔਫ ਟਿਕਾਣਿਆਂ ਦੀ ਲੋੜੀਂਦੀ ਘੱਟੋ-ਘੱਟ ਗਿਣਤੀ 67 ਹੈ। ਜਿਵੇਂ ਕਿ ਹਰ ਚੋਣ ਤੋਂ 88ਵੇਂ ਦਿਨ ਪਹਿਲਾਂ ਡ੍ਰੌਪ-ਔਫ ਟਿਕਾਣਿਆਂ ਦੀ ਗਿਣਤੀ ਕਾਉਂਟੀ ਦੇ ਰਜਿਸਟਰਡ ਵੋਟਰਾਂ ਦੀ ਅਸਲ ਗਿਣਤੀ ਦੇ ਆਧਾਰ 'ਤੇ ਬਦਲ ਸਕਦੀ ਹੈ।

| **ਸਰਹੱਦ ਦੀ ਸ਼੍ਰੇਣੀ** | **ਘੱਟੋ-ਘੱਟ ਲੋੜਾਂ** |
|---|---|
| ਬੈਲਟ ਡ੍ਰੌਪ-ਔਫ ਟਿਕਾਣੇ<br>(ਹਰ 15,000 ਰਜਿਸਟਰਡ ਵੋਟਰਾਂ ਲਈ 1) | 67 |

ਬੈਲਟ ਡ੍ਰੌਪ-ਬੌਕਸਾਂ ਲਈ ਸਭ ਤੋਂ ਵਧੀਆ ਟਿਕਾਣੇ ਨਿਰਧਾਰਿਤ ਕਰਨ ਲਈ, ROV ਸੈਕ੍ਰੇਟਰੀ ਔਫ ਸਟੇਟ (SOS) ਅਤੇ ਚੋਣ ਕੋਡ ਵੱਲੋਂ ਲਾਜ਼ਮੀ ਕੀਤੇ 14 ਮਾਪਦੰਡਾਂ ਦੀ ਵਰਤੋਂ ਕਰਦਾ ਹੈ ਤਾਂ ਜੋ ਵੋਟ ਕੇਂਦਰ ਟਿਕਾਣਿਆਂ ਲਈ ਸਭ ਤੋਂ ਪ੍ਰਭਾਵਸ਼ਾਲੀ ਥਾਵਾਂ ਨਿਰਧਾਰਿਤ ਕੀਤੀਆਂ ਜਾ ਸਕਣ। ਇਨ੍ਹਾਂ 14 ਮਾਪਦੰਡਾਂ ਨੇ ROV ਦੀ ਕਾਉਂਟੀ ਦੇ ਅੰਦਰ ਬੈਲਟ ਡ੍ਰੌਪ- ਬੌਕਸਾਂ ਲਈ ਸਭ ਤੋਂ ਜ਼ਿਆਦਾ ਪਹੁੰਚਯੋਗਤਾ ਵਾਲੇ ਉਪਲਬਧ ਟਿਕਾਣੇ ਲੱਭਣ ਵਿੱਚ ਸਹਾਇਤਾ ਕੀਤੀ। ਇਨ੍ਹਾਂ ਮਾਪਦੰਡਾਂ ਵਿੱਚ ਸ਼ਾਮਲ ਹੈ:

1. ਜਨਤਕ ਆਵਾਜਾਈ ਸਹੂਲਤ ਤੋਂ ਨੇੜਤਾ
2. ਡਾਕ ਰਾਹੀਂ ਵੋਟ ਦੀ ਘੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਤੋਂ ਨੇੜਤਾ
3. ਆਬਾਦੀ ਕੇਂਦਰਾਂ ਤੋਂ ਨੇੜਤਾ
4. ਅਲਪ ਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਨੇੜਤਾ
5. ਅਸਮਰਥਤਾਵਾਂ ਵਾਲੇ ਵੋਟਰਾਂ ਤੋਂ ਨੇੜਤਾ
6. ਵਾਹਨ ਦੀ ਘੱਟ ਮਲਕੀਅਤ ਦਰ ਵਾਲੇ ਭਾਈਚਾਰਿਆਂ ਤੋਂ ਨੇੜਤਾ
7. ਘੱਟ ਆਮਦਨ ਵਾਲੇ ਭਾਈਚਾਰਿਆਂ ਤੋਂ ਨੇੜਤਾ
8. ਘੱਟ ਵੋਟਰ ਰਜਿਸਟਰੇਸ਼ਨ ਦਰ ਵਾਲੇ ਭਾਈਚਾਰਿਆਂ ਤੋਂ ਨੇੜਤਾ
9. ਭੂਗੋਲਿਕ ਤੌਰ 'ਤੇ ਅਲੱਗ ਰਹਿਣ ਵਾਲੀ ਜਨਸੰਖਿਆ ਤੋਂ ਨੇੜਤਾ, ਜਿਸ ਵਿੱਚ ਮੂਲ ਅਮਰੀਕਨ ਰਾਖਵਾਂਕਰਨ ਵਾਲੀ ਜਨਸੰਖਿਆ ਸ਼ਾਮਲ
10. ਪਹੁੰਚਯੋਗ ਅਤੇ ਮੁਫ਼ਤ ਪਾਰਕਿੰਗ
11. ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਟਿਕਾਣਿਆਂ ਦੀ ਦੂਰੀ ਅਤੇ ਉਨ੍ਹਾਂ ਤੱਕ ਪਹੁੰਚਣ ਵਿੱਚ ਲੱਗਣ ਵਾਲਾ ਸਮਾਂ
12. ਉਨ੍ਹਾਂ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਹੋਰ ਵਿਕਲਪਿਕ ਤਰੀਕਿਆਂ ਦੀ ਲੋੜ ਜਿਨ੍ਹਾਂ ਲਈ ਡਾਕ ਰਾਹੀਂ ਵੋਟ ਬੈਲਟ ਪਹੁੰਚਯੋਗ ਨਹੀਂ ਹਨ
13. ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਟਿਕਾਣਿਆਂ ਦੇ ਨੇੜੇ ਟਰੈਫਿਕ ਪੈਟਰਨ
14. ਮੋਬਾਈਲ ਵੋਟ ਕੇਂਦਰਾਂ ਦੀ ਲੋੜ

ਬੈਲਟ ਡ੍ਰੌਪ-ਬੌਕਸਾਂ ਨੂੰ ਉਨ੍ਹਾਂ ਦੇ ਸੰਬੰਧਿਤ ਟਿਕਾਣੇ 'ਤੇ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਰੱਖਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਚੋਣਾਂ ਵਾਲੇ ਦਿਨ ਤੋਂ 28ਵੇਂ ਦਿਨ ਪਹਿਲਾਂ ਤੱਕ, ਸਾਰੇ ਬੈਲਟ ਡ੍ਰੌਪ-ਬੌਕਸ ਸਥਾਪਤ ਕਰਕੇ ਵਰਤੋਂ ਲਈ ਤਿਆਰ ਕਰ ਦਿੱਤੇ ਜਾਣੇ ਚਾਹੀਦੇ ਹਨ। ਇਹ ਪੱਕਾ ਕਰਨ ਲਈ ਕਿ ਬੌਕਸ ਵੋਟਰਾਂ ਲਈ ਪਹੁੰਚਯੋਗ ਹੋਣ, ਡ੍ਰੌਪ-ਬੌਕਸਾਂ ਨੂੰ ਹੇਠਾਂ ਲਿਖੇ ਵਾਂਗ ਕੰਮ ਕਰਨ ਲਈ ਤਿਆਰ ਕੀਤਾ ਜਾਵੇਗਾ[2]:

- ਭੌਤਿਕ ਨੁਕਸਾਨ ਅਤੇ ਅਣਅਧਿਕਾਰਕ ਪ੍ਰਵੇਸ਼ ਨੂੰ ਰੋਕਣ ਲਈ ਹਰੇਕ ਬਾਹਰ ਸਥਾਪਿਤ ਬਿਨਾ ਸਟਾਫ਼ ਵਾਲੇ ਡ੍ਰੌਪ-ਬੌਕਸ ਟਿਕਾਊ ਸਮਾਨ ਦਾ ਬਣਿਆ ਹੋਵੇਗਾ, ਤਾਂਕਿ ਉਹ ਕਿਸੇ ਵੀ ਤਰੀਕੇ ਦੀ ਭੰਨ ਤੋੜ, ਹਟਾਉਣ ਦੀ ਕੋਸ਼ਿਸ਼, ਅਤੇ ਖ਼ਰਾਬ ਮੌਸਮ ਦੇ ਸਾਹਮਣੇ ਟਿਕਿਆ ਰਹਿ ਸਕੇ।
- ਡ੍ਰੌਪ-ਬੌਕਸਾਂ ਵਿੱਚ ਇੱਕ ਮੂੰਹ (ਖੁੱਲ੍ਹਾ ਸਲੌਟ) ਹੋਵੇਗਾ, ਜੋ ਇੰਨਾ ਵੱਡਾ ਨਹੀਂ ਹੋਣਾ ਚਾਹੀਦਾ ਕਿ ਜਿਸਦੀ ਵਰਤੋਂ ਕਰਕੇ ਬੈਲਟ ਨਾਲ ਛੇੜਛਾੜ ਕੀਤੀ ਜਾ ਸਕੇ ਜਾਂ ਉਸ ਨੂੰ ਕੱਢਿਆ ਜਾ ਸਕੇ।
- ਡ੍ਰੌਪ-ਬੌਕਸ ਇਸ ਤਰੀਕੇ ਨਾਲ ਡਿਜ਼ਾਈਨ ਕੀਤੇ ਹੁੰਦੇ ਹਨ ਕਿ ਕਿਸੇ ਵੀ ਤਰੀਕੇ ਦੀ ਅਣਅਧਿਕਾਰਿਕ ਪਹੁੰਚ ਇੱਕ ਭੌਤਿਕ ਸਬੂਤ ਛੱਡ ਸਕਦੀ ਹੈ, ਜੋ ਇਹ ਸਾਬਤ ਕਰਦੀ ਹੈ ਕਿ ਅਣਅਧਿਕਾਰਿਕ ਪਹੁੰਚ ਕੀਤੀ ਗਈ ਹੈ। ਚੋਣ ਅਧਿਕਾਰੀ ਇਸ ਭਾਗ ਦੇ ਉਦੇਸ਼ਾਂ ਲਈ ਇੱਕ ਛੇੜਛਾੜ-ਦਰਸਾਉਣ ਵਾਲੀ ਸੀਲ ਦੀ ਵਰਤੋਂ ਕਰ ਸਕਦੇ ਹਨ।
- ਡ੍ਰੌਪ-ਬੌਕਸ ਲਈ ਇੱਕ ਖਾਸ ਸਾਈਨੇਜ ਹੋਵੇਗਾ ਜੋ ਇਹ ਸਪਸ਼ਟ ਕਰਦਾ ਹੋਵੇ ਕਿ ਬੈਲਟ ਕਿੱਥੇ ਪਾਉਣੇ ਹਨ।
- ਹਰੇਕ ਡ੍ਰੌਪ-ਬੌਕਸ ਲਈ ਇੱਕ ਵਿਲੱਖਣ ਪਛਾਣ ਨੰਬਰ ਨਿਰਧਾਰਿਤ ਕੀਤਾ ਜਾਵੇਗਾ ਜੋ ਕਿ ਡ੍ਰੌਪ-ਬੌਕਸ ਦੇ ਉੱਪਰ ਸਥਾਪਤ ਹੋਵੇ ਅਤੇ ਜੋ ਨਿਰਧਾਰਿਤ ਬੈਲਟ ਪ੍ਰਾਪਤਕਰਤਾ ਅਤੇ ਜਨਤਾ ਵੱਲੋਂ ਵੀ ਆਸਾਨੀ ਨਾਲ ਪਛਾਣਿਆ ਜਾਵੇ।
- ਡ੍ਰੌਪ-ਬੌਕਸ ਦੀ ਬੜੇ ਸਪਸ਼ਟ ਅਤੇ ਦਿਸਣਯੋਗ ਤਰੀਕੇ ਨਾਲ "ਅਧਕਾਵਰਕ ਬੈਲਟ ਡ੍ਰੌਪ-ਬੌਕਸ ਨਿਰਧਾਰਿਤ ਕੀਤਾ ਜਾਵੇਗਾ।
- ਡ੍ਰੌਪ-ਬੌਕਸ ਦਾ ਹਾਰਡਵੇਅਰ ਬਿਨਾਂ ਜ਼ੋਰ ਨਾਲ ਪਕੜੇ, ਬਿਨਾਂ ਚੂੰਡੀ ਵੱਢੇ, ਜਾਂ ਬਿਨਾਂ ਗੁੱਟ ਨੂੰ ਮਰੋੜੇ ਕੰਮ ਕਰਨਯੋਗ ਹੋਵੇਗਾ।
- ਡ੍ਰੌਪ-ਬੌਕਸ ਦੇ ਹਾਰਡਵੇਅਰ ਨੂੰ ਆਪਰੇਟ ਕਰਨ ਲਈ ਵੋਟਰ ਵੱਲੋਂ ਪੰਜ (5) ਪਾਉਂਡ ਤੋਂ ਵੱਧ ਦਾ ਦਬਾਅ ਪਾਉਣ ਦੀ ਲੋੜ ਨਹੀਂ ਹੋਵੇਗੀ।
- ਅਜਿਹੇ ਵਿਅਕਤੀਆਂ ਲਈ ਜੋ ਵ੍ਹੀਲਚੇਅਰ ਦੀ ਵਰਤੋਂ ਕਰਦੇ ਹਨ, ਡ੍ਰੌਪ-ਬੌਕਸ ਫ਼ਰਸ਼ ਜਾਂ ਜ਼ਮੀਨ ਤੋਂ 15 ਤੋਂ 48 ਇੰਚ ਦੀ ਉਚਾਈ ਦੀ ਰੇਂਜ 'ਤੇ ਵਰਤਣ ਯੋਗ ਹੋਵੇਗਾ (ਇਹ ਨਿਯਮ ਉਸ ਮਾਮਲੇ ਵਿੱਚ ਲਾਗੂ ਨਹੀਂ ਹੁੰਦਾ ਜਦੋਂ ਡ੍ਰੌਪ-ਬੌਕਸ ਵਾਹਨ ਦੇ ਚਾਲਕਾਂ ਦੀ ਵਰਤੋਂ ਵਾਸਤੇ ਰੱਖਿਆ ਗਿਆ ਹੋਵੇ)।
- ਬੈਲਟ ਡ੍ਰੌਪ-ਬੌਕਸ ਦਾ ਸਾਈਨੇਜ ਇੱਕ ਵਿਲੱਖਣ ਰੰਗ ਦਾ ਹੋਵੇਗਾ ਜੋ ਬੈਕਗਰਾਊਂਡ ਤੋਂ ਵਖਰੇਵੇਂ ਵਿੱਚ ਹੋਵੇ ਅਤੇ ਇਸਦੀ ਫਿਨਿਸ਼ "ਗੈਰ-ਚਮਕੀਲੀ" ਹੋਣੀ ਚਾਹੀਦੀ ਹੈ।
- ਡ੍ਰੌਪ-ਬੌਕਸ ਇਸ ਢੰਗ ਨਾਲ ਡਿਜ਼ਾਈਨ ਕੀਤੇ ਜਾਣੇ ਜ਼ਰੂਰੀ ਹਨ ਕਿ ਜਨਤਾ ਨੂੰ ਦੇਖਣ ਵਿੱਚ ਅਧਿਕਾਰਿਕ ਅਤੇ ਸੁਰੱਖਿਅਤ ਪ੍ਰਤੀਤ ਹੋਣ।
- ਪੂਰੀ ਕਾਉਂਟੀ ਵਿੱਚ ਲੱਗੇ ਸਾਰੇ ਬੈਲਟ ਡ੍ਰੌਪ-ਬੌਕਸ ਚਾਹੇ ਉਹ ਸਟਾਫ ਵਾਲੇ ਹੋਣ ਜਾਂ ਬਿਨਾ ਸਟਾਫ ਤੋਂ ਵਰਤੋਂ ਸੰਬੰਧੀ, ਸਮਾਨ ਵਿਸ਼ੇਸ਼ਤਾਂ ਵਾਲੇ ਹੋਣੇ ਜ਼ਰੂਰੀ ਹਨ, ਅਤੇ ਇੱਕੋ ਜਿਹੇ ਡੀਜ਼ਾਈਨ, ਰੰਗ ਤਰਤੀਬ ਵਾਲੇ ਹੋਣੇ ਚਾਹੀਦੇ ਹਨ, ਅਤੇ ਉਨ੍ਹਾਂ ਵਿੱਚ ਜਨਤਾ ਵਾਸਤੇ ਪਛਾਣ ਨੂੰ ਸੁਖਾਲਾ ਕਰਨ ਲਈ ਸਾਈਨੇਜ ਹੋਣਾ ਲਾਜ਼ਮੀ ਹੈ।
- ਬੈਲਟ ਡ੍ਰੌਪ-ਬੌਕਸ ਦਾ ਆਕਾਰ Santa Clara ਕਾਉਂਟੀ ਦੀ ਵਰਤੋਂ ਅਤੇ ਲੋੜਾਂ 'ਤੇ ਆਧਾਰਿਤ ਹੁੰਦਾ ਹੈ।

ਅਧਿਕਾਰਿਕ ਬੈਲਟ ਡ੍ਰੌਪ-ਬੌਕਸਾਂ ਸੰਬੰਧੀ ਕੁਝ ਚੀਜ਼ਾਂ, ਜੋ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ:

- ਡ੍ਰੌਪ-ਬੌਕਸਾਂ ਵਿੱਚ ਬੈਲਟ ਨੂੰ ਵਾਪਸ ਕਰਨ ਲਈ ਕਿਸੀ ਡਾਕ-ਟਿਕਟ ਦੀ ਲੋੜ ਨਹੀਂ ਹੈ।
- ਕਿਸੇ ਵੀ ਅਧਿਕਾਰਤ ਡ੍ਰੌਪ ਔਫ ਥਾਂ 'ਤੇ, ਡਾਕ ਰਾਹੀਂ ਵੋਟ ਬੈਲਟ ਚੋਣਾਂ ਵਾਲੇ ਦਿਨ ਰਾਤ 8 ਵਜੇ ਤੋਂ ਬਾਅਦ ਸਵੀਕਾਰ ਨਹੀਂ ਕੀਤੇ ਜਾਣਗੇ।
  - ਡ੍ਰੌਪ-ਬੌਕਸ ਚੋਣਾਂ ਵਾਲੇ ਦਿਨ ਰਾਤ ਠੀਕ 8 ਵਜੇ ਲੌਕ ਕਰ ਦਿੱਤੇ ਜਾਣਗੇ।
  - ਇਸ ਵਿੱਚ ਛੋਟ ਸਿਰਫ਼ ਉਸ ਮਾਮਲੇ ਵਿੱਚ ਦਿੱਤੀ ਜਾਂਦੀ ਹੈ ਜਦੋਂ ਵੋਟ ਕੇਂਦਰ ਦੇ ਬੰਦ ਹੋਣ ਦੇ ਸਮੇਂ ਵੋਟਰ ਬੈਲਟ ਵਾਪਸ ਕਰਨ ਲਈ ਪਹਿਲਾ ਤੋਂ ਹੀ ਲਾਈਨ ਵਿੱਚ ਲੱਗੇ ਹੋਣ ਜਾ ਜੇਕਰ ਸਮੇਂ ਨੂੰ ਅਦਾਲਤੀ ਹੁਕਮ ਅਨੁਸਾਰ ਵਧਾ ਦਿੱਤਾ ਗਿਆ ਹੋਵੇ।
- ਅਧਿਕਾਰਿਕ ਬੈਲਟ ਡ੍ਰੌਪ-ਬੌਕਸ ਨਾਲ ਛੇੜਛਾੜ ਕਰਨਾ ਇੱਕ ਕਨੂੰਨੀ ਅਪਰਾਧ ਹੈ[3]।
- ਕਿਸੇ ਚੋਣ ਅਧਿਕਾਰੀ ਨੂੰ ਇਹ ਦੱਸਣ ਵਾਸਤੇ ਕਿ ਬੌਕਸ ਪੂਰੀ ਤਰ੍ਹਾਂ ਭਰਿਆ ਹੋਇਆ ਹੈ, ਇਸ ਨਾਲ ਛੇੜ-ਛਾੜ ਕੀਤੀ ਗਈ ਹੇ, ਜਾਂ ਇਸ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਡ੍ਰੌਪ-ਬੌਕਸ ਦੇ ਉੱਪਰ ਇੱਕ ਨੋਟਿਸ ਲਗਾਇਗਾ ਜਾਵੇਗਾ।
- ਬੌਕਸਾਂ ਦੇ ਉੱਪਰ ROV ਦੇ ਦਫ਼ਤਰ ਦਾ ਨੰਬਰ ਅਤੇ ROV ਜਾਂ SOS ਦਾ ਇੱਕ ਟੋਲ ਫਰੀ ਨੰਬਰ ਦਿੱਤਾ ਜਾਵੇਗਾ, ਤਾਂ ਜੋ ਡ੍ਰੌਪ-ਬੌਕਸ ਨਾਲ ਹੋਈ ਛੇੜ-ਛਾੜ ਬਾਰੇ ਜਾਂ ਹੋਰ ਨੁਕਸਾਨ ਬਾਰੇ ਸੂਚਿਤ ਕੀਤਾ ਜਾ ਸਕੇ[4]।

---

[2] ਚੋਣ ਕੋਡ §20132 ਦੇਖੋ

[3] California ਚੋਣ ਕੋਡ §18500 ਦੇਖੋ

[4] California ਚੋਣ ਕੋਡ §20132 ਦੇਖੋ

ਅਜਿਹੇ ਵੋਟਰਾਂ ਤੱਕ ਉਚਿਤ ਪਹੁੰਚ ਨੂੰ ਸੁਨਿਸ਼ਚਿਤ ਕਰਨ ਲਈ, ਜੋ ਮੁੱਢਲੇ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ, ਡ੍ਰੌਪ-ਬੌਕਸ ਨੂੰ ਸਾਰੀਆਂ ਚੌਦਾਂ ਭਾਸ਼ਾਵਾਂ ਵਿੱਚ "ਅਧਿਕਾਰਿਕ ਬੈਲਟ ਡ੍ਰੌਪ-ਬੌਕਸ ਵਜੋਂ ਨਿਸ਼ਾਨਬੱਧ ਕੀਤਾ ਜਾਂਦਾ ਹੈ, ਉਹ ਭਾਸ਼ਾਵਾਂ ਹਨ: ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ,, ਹਿੰਦੀ ਜਪਾਨੀ, ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ, ਅਤੇ ਤੇਲਗੂ।
ਇਸ ਤੋਂ ਇਲਾਵਾ, ਹਰੇਕ ਬੈਲਟ ਡ੍ਰੌਪ-ਬੌਕਸ 'ਤੇ ਇੱਕ ਸੰਕੇਤ ਲੱਗਿਆ ਹੁੰਦਾ ਹੈ, ਜੋ ਵੋਟਰ ਨੂੰ ਇਹ ਦੱਸੇਗਾ ਕਿ ਜੇ ਲੋੜ ਹੋਵੇ ਤਾਂ ਵਾਧੂ ਬੈਲਟ ਵਾਪਸੀ ਲਿਫਾਫੇ ਉਪਲਬਧ ਹਨ। ਵੋਟਰ ਨੂੰ ਲਿਫਾਫੇ ਉੱਪਰ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਹਿਦਾਇਤ ਦਿੱਤੀ ਜਾਂਦੀ ਹੈ, ਜਿਸ ਦੇ ਵਿੱਚ ਆਪਣਾ ਨਾਮ, ਰਿਹਾਇਸ਼ੀ ਪਤਾ, ਜਨਮ ਤਾਰੀਖ ਭਰਨਾ, ਅਤੇ ਆਪਣੇ ਦਸਤਖ਼ਤ ਪ੍ਰਦਾਨ ਕਰਨਾ ਸ਼ਾਮਲ ਹੈ। ਜੇਕਰ ਬੈਲਟ ਡ੍ਰੌਪ-ਬੌਕਸ ਦੀ ਵਰਤੋਂ ਕੀਤੀ ਜਾ ਰਹੀ ਹੈ, ਤਾਂ ਬੈਲਟ ਵੋਟਰ ਦੀ ਜਾਣਕਾਰੀ ਅਤੇ ਦਸਤਖ਼ਤ ਦੇ ਨਾਲ ਨੱਥੀ ਕਰਕੇ, ਬੰਦ ਲਿਫਾਫੇ ਵਿੱਚ ਵਾਪਸ ਕਰਨੇ ਲਾਜ਼ਮੀ ਹਨ। ਇੱਕ ਟੋਲ ਫ਼ਰੀ ਨੰਬਰ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਦੀ ਵਰਤੋਂ ਵੋਟਰ ਕੋਈ ਸਵਾਲ ਹੋਣ 'ਤੇ ਜਾਂ ਵਧੇਰੀ ਸਹਾਇਤਾ ਦੀ ਲੋੜ ਹੋਣ 'ਤੇ ਕਰ ਸਕਦੇ ਹਨ।

ਡ੍ਰੌਪ ਬੌਕਸ ਅਮਰੀਕੀ ਅਪਾਹਜਤਾ ਐਕਟ (ADA) ਦੀਆਂ ਪਹੁੰਚਯੋਗਤਾ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ। ਇਸਦੇ ਨਾਲ ਹੀ, ਕੁਝ ਡ੍ਰੌਪ ਬੌਕਸ ਵੋਟਰ ਨੂੰ ਵਾਹਨ ਨੂੰ ਪਾਰਕ ਕੀਤੇ ਬਿਨਾਂ ਜਾਂ ਵਾਹਨ ਤੋਂ ਹੇਠਾਂ ਉਤਰੇ ਬਿਨਾਂ ਆਪਣੇ ਵਾਹਨ ਦੇ ਅੰਦਰੋਂ ਆਪਣੀ ਵੋਟ ਜਮ੍ਹਾ ਕਰਨ ਦਿੰਦੇ ਹਨ। ਡ੍ਰੌਪ-ਬੌਕਸ ਪਹੁੰਚਯੋਗਤਾ ਬਾਰੇ ਜਾਣਕਾਰੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਸ਼ਾਮਲ ਕੀਤੀ ਜਾਵੇਗੀ।

## ਵੋਟ ਕੇਂਦਰ

ਵੋਟ ਕੇਂਦਰ 11 ਦਿਨਾਂ ਤੱਕ ਖੁੱਲ੍ਹੇ ਰਹਿੰਦੇ ਹਨ ਅਤੇ ਨਵੇਂ ਅਤੇ ਵਧੇਰੇ ਪਹੁੰਚਯੋਗ ਵੋਟਿੰਗ ਉਪਕਰਣਾਂ, ਭਾਸ਼ਾ ਸੰਬੰਧੀ ਸਹਾਇਤਾ ਨਾਲ ਲੈਸ ਹੁੰਦੇ ਹਨ, ਅਤੇ ਸ਼ਰਤਬੱਧ ਵੋਟਰ ਰਜਿਸਟਰੇਸ਼ਨ (CVR) ਅਤੇ ਉਸੇ ਦਿਨ ਵੋਟਿੰਗ ਵਰਗੀਆਂ ਸਹੂਲਤਾਂ ਦੀ ਪੇਸ਼ਕਸ਼ ਕਰਦੇ ਹਨ। ਇਸ ਤੋਂ ਇਲਾਵਾ, ਵੋਟਰ ਉਨ੍ਹਾਂ ਲਈ ਨਿਰਧਾਰਿਤ ਕੀਤੇ ਇੱਕ ਪੋਲਿੰਗ ਸਥਾਨ ਤੱਕ ਸੀਮਤ ਨਹੀਂ ਹੁੰਦੇ ਹਨ, ਬਲਕਿ ਉਨ੍ਹਾਂ ਕੋਲ ਪ੍ਰੀ Santa Clara ਕਾਉਂਟੀ ਵਿੱਚ ਉਪਲਬਧ ਵੋਟ ਕੇਂਦਰ ਟਿਕਾਣਿਆਂ ਵਿੱਚੋਂ ਕਿਸੇ ਵਿੱਚ ਵੀ ਜਾਣ ਦਾ ਵਿਕਲਪ ਹੁੰਦਾ ਹੈ।

VCA ਦੇ ਤਹਿਤ, ਵੋਟ ਕੇਂਦਰਾਂ ਨੂੰ ਪਹਿਲਾਂ ਦੇ ਰਵਾਇਤੀ ਪੋਲਿੰਗ ਸਥਾਨਾਂ ਦੇ ਮੁਕਾਬਲੇ ਜ਼ਿਆਦਾ ਦਿਨਾਂ ਤੱਕ ਖੁੱਲ੍ਹੇ ਰੱਖਣ ਦੀ ਲੋੜ ਹੋਵੇਗੀ। ਵੋਟ ਕੇਂਦਰਾਂ ਨੂੰ ਦੋ ਜਲਦੀ ਵੋਟ ਪਾਉਣ ਦੀਆਂ ਮਿਆਦਾਂ ਲਈ ਸੰਚਾਲਿਤ ਕਰਨਾ ਲਾਜ਼ਮੀ ਹੈ: (1) ਚੋਣਾਂ ਵਾਲੇ ਦਿਨ ਅਤੇ ਉਸ ਤੋਂ ਪਹਿਲਾਂ ਦੇ ਦਸ ਦਿਨ ਮਿਲਾ ਕੇ, ਕੁੱਲ 11 ਦਿਨ; ਅਤੇ (2) ਚੋਣਾਂ ਵਾਲੇ ਦਿਨ ਅਤੇ ਉਸ ਤੋਂ ਪਹਿਲਾਂ ਦੇ ਤਿੰਨ ਦਿਨ ਮਿਲਾ ਕੇ, ਕੁੱਲ ਚਾਰ ਦਿਨ। California ਚੋਣ ਕੋਡ ਵੱਲੋਂ ਮਾਪਦੰਡ ਨਿਰਧਾਰਿਤ ਕੀਤੇ ਜਾਂਦੇ ਹਨ, ਜਿਸ ਦੇ ਅਨੁਸਾਰ ਕਾਉਂਟੀ ਨੂੰ ਵੋਟਰਾਂ ਲਈ ਵੋਟ ਕੇਂਦਰ ਟਿਕਾਣੇ ਮੁਹੱਈਆ ਕਰਵਾਉਣੇ ਲਾਜ਼ਮੀ ਹਨ:

- ਚੋਟਾਂ ਵਾਲੇ ਦਿਨ ਤੋਂ ਦਸ (10) ਦਿਨ ਪਹਿਲਾਂ ਸ਼ੁਰੂ ਕਰਦੇ ਹੋਏ, ਚੋਣਾਂ ਵਾਲੇ ਦਿਨ ਤੋਂ ਚਾਰ ਦਿਨਾਂ ਪਹਿਲਾਂ ਅਤੇ ਸਮੇਤ ਤੱਕ, ਕੁੱਲ ਮਿਲਾ ਕੇ ਸੱਤ (7) ਦਿਨਾਂ ਲਈ, ਉਸ ਅਧਿਕਾਰ ਖੇਤਰ ਦੇ ਅੰਦਰ, ਜਿੱਥੇ ਚੋਣ ਹੁੰਦੀ ਹੈ, ਹਰ 50,000 ਰਜਿਸਟਰਡ ਵੋਟਰਾਂ ਲਈ ਇੱਕ ਵੋਟ ਕੇਂਦਰ ਸੰਚਾਲਿਤ ਕੀਤਾ ਜਾਣਾ ਲਾਜ਼ਮੀ ਹੈ।
- ਚੋਣਾਂ ਵਾਲੇ ਦਿਨ ਅਤੇ ਉਸ ਤੋਂ ਪਹਿਲਾਂ ਦੇ ਤਿੰਨ (3) ਦਿਨ ਮਿਲਾ ਕੇ, ਕੁੱਲ ਮਿਲਾ ਕੇ ਚਾਰ (4) ਦਿਨਾਂ ਲਈ, ਉਸ ਅਧਿਕਾਰ ਖੇਤਰ ਦੇ ਅੰਦਰ ਜਿੱਥੇ ਚੋਣ ਹੁੰਦੀ ਹੈ, ਹਰ 10,000 ਵੋਟਰਾਂ ਲਈ ਇੱਕ ਵੋਟ ਕੇਂਦਰ ਸਵੇਰ 7 ਵਜੇ ਤੋਂ ਸ਼ਾਮ 8  ਤੱਕ ਸੰਚਾਲਿਤ ਕੀਤਾ ਜਾਣਾ ਲਾਜ਼ਮੀ ਹੈ।
- VCA ਮਾਡਲ ਦੇ ਤਹਿਤ ਆਯੋਜਿਤ ਖਾਸ ਚੋਣਾਂ ਲਈ, ਚੋਣਾਂ ਵਾਲੇ ਦਿਨ ਤੋਂ ਦਸ (10) ਦਿਨ ਪਹਿਲਾਂ ਸ਼ੁਰੂ ਕਰਦੇ ਹੋਏ, ਕੁੱਲ ਮਿਲਾ ਕੇ ਦਸ (10) ਦਿਨਾਂ ਲਈ ਹਰ 60,000 ਵੋਟਰਾਂ ਲਈ ਇੱਕ ਵੋਟ ਕੇਂਦਰ ਸੰਚਾਲਿਤ ਕੀਤਾ ਜਾਣਾ ਲਾਜ਼ਮੀ ਹੈ; ਅਤੇ ਚੋਣਾਂ ਵਾਲੇ ਦਿਨ ਹਰ 30,000 ਵੋਟਰਾਂ ਲਈ ਇੱਕ (1) ਵੋਟ ਕੇਂਦਰ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ ਸੰਚਾਲਿਤ ਕੀਤਾ ਜਾਣਾ ਲਾਜ਼ਮੀ ਹੈ।

ਵੋਟਰਾਂ ਨੂੰ ਬਿਹਤਰ ਸੇਵਾ ਪ੍ਰਦਾਨ ਕਰਨ ਲਈ, Santa Clara ਕਾਉਂਟੀ, ਜਦੋਂ ਸੰਸਾਧਨ ਅਜਿਹਾ ਕਰਨ ਦਿੰਦੇ ਹਨ, ਘੱਟੋ-ਘੱਟ ਲੋੜ ਤੋਂ ਉੱਤੇ ਵਾਧੂ 11-ਦਿਨਾਂ ਵਾਲੇ ਵੋਟ ਕੇਂਦਰਾਂ, ਅਤੇ ਘੱto-ਘੱਟ ਲੋੜ ਤੋਂ ਉੱਤੇ ਵਾਧੂ 4-ਦਿਨਾਂ ਵਾਲੇ ਵੋਟ ਕੇਂਦਰਾਂ ਨੂੰ ਸੰਚਾਲਿਤ ਕਰਨ ਦੀ ਯੋਜਨਾ ਬਣਾ ਰਹੀ ਹੈ। ਚੋਣਾਂ ਵਾਲੇ ਦਿਨ ਤੋਂ ਪਹਿਲਾਂ ਦੀਆਂ ਤਾਰੀਖਾਂ ਲਈ ਸਾਰੇ ਵੋਟ ਕੇਂਦਰਾਂ ਦੇ ਕੰਮਕਾਜੀ ਘੰਟੇ ਹਰ ਟਿਕਾਣੇ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦੇ ਹਨ[5]। ਚੋਣਾਂ ਵਾਲੇ ਦਿਨ, ਚੋਣ ਕੋਡ ਅਨੁਸਾਰ, ਸਾਰੇ ਵੋਟ ਕੇਂਦਰ ਵੋਟਰਾਂ ਲਈ ਸਵੇਰੇ 7 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਖੁੱਲ੍ਹੇ ਰਹਿਣਗੇ[6]। ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਰਜਿਸਟਰਡ ਵੋਟਰਾਂ ਦੇ ਮੌਜੂਦਾ ਨੰਬਰਾਂ ਦੀ ਵਰਤੋਂ ਕਰਦੇ ਹੋਏ, 11 ਦਿਨਾਂ ਵਾਲੇ

[5] ROV ਵੱਲੋਂ ਵੋਟ ਕੇਂਦਰ ਪ੍ਰਾਪਤ ਕਰਨ ਦੀ ਪ੍ਰਕਿਰਿਆ ਹਾਲੇ ਚੱਲ ਰਹੀ ਹੈ ਅਤੇ ਪ੍ਰਕਾਸ਼ਨ ਦੇ ਸਮੇਂ ਸਾਰੇ ਨਿਸ਼ਚਿਤ ਟਿਕਾਣੇ ਅਤੇ ਉਨ੍ਹਾਂ ਦੇ ਕੰਮਕਾਜੀ ਘੰਟੇ ਉਪਲਬਧ ਨਹੀਂ ਸਨ।
[6] ਚੋਣ ਕੋਡ §4005 ਦੇਖੋ

ਅਤੇ 4 ਦਿਨਾਂ ਵਾਲੇ ਵੋਟ ਕੇਂਦਰਾਂ ਦੀ ਘੱਟ ਤੋਂ ਘੱਟ ਲੋੜੀਂਦੀ ਗਿਣਤੀ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਹੈ। ਅਸਲ ਗਣਨਾ ਚੋਣ ਕੋਡ ਦੇ ਅਨੁਸਾਰ ਚੋਣਾਂ ਤੋਂ 88 ਦਿਨ ਪਹਿਲਾਂ ਨਿਰਧਾਰਿਤ ਕੀਤੀ ਜਾਵੇਗੀ।[7]

| ਸਰਹੱਦ ਦੀ ਸ਼੍ਰੇਣੀ | ਘੱਟ ਤੋਂ ਘੱਟ ਲੋੜਾਂ |
|---|---|
| 11-ਦਿਨਾਂ ਦੇ ਵੋਟ ਕੇਂਦਰ<br>(ਹਰ 50,000 ਰਜਿਸਟਰਡ ਵੋਟਰਾਂ ਲਈ 1) | 20 |
| 4-ਦਿਨਾਂ ਦੇ ਵੋਟ ਕੇਂਦਰ<br>(ਹਰ 10,000 ਰਜਿਸਟਰਡ ਵੋਟਰਾਂ ਲਈ 1) | 81 |

## ਵੋਟਰ ਰਜਿਸਟਰੇਸ਼ਨ

ਵੋਟ ਕੇਂਦਰ ਪਹਿਲਾਂ ਵਾਲੇ ਰਵਾਇਤੀ ਪੋਲਿੰਗ ਸਥਾਨ ਮਾਡਲ ਦੇ ਮੁਕਾਬਲੇ ਬਹੁਤ ਸਾਰੀਆਂ ਹੋਰ ਸੇਵਾਵਾਂ ਪ੍ਰਦਾਨ ਕਰਦੇ ਹਨ। ਵੋਟ ਕੇਂਦਰਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਵਿਸਤਰਿਤ ਸੇਵਾਵਾਂ ਵਿੱਚੋਂ ਇੱਕ ਵੋਟਰ ਰਜਿਸਟਰੇਸ਼ਨ ਹੈ। ਵੋਟਰਾਂ ਕੋਲ ਹੁਣ ਵੋਟ ਪਾਉਣ ਲਈ ਰਜਿਸਟਰ ਕਰਨ, ਆਪਣਾ ਵੋਟਰ ਰਜਿਸਟਰੇਸ਼ਨ ਅੱਪਡੇਟ ਕਰਨ, ਅਤੇ ਕਿਸੇ ਵੀ ਵੋਟ ਕੇਂਦਰ 'ਤੇ ਸ਼ਰਤਬੱਧ ਵੋਟ ਪਾਉਣ ਦੀ ਸੁਵਿਧਾ ਹੁੰਦੀ ਹੈ। ਅਜਿਹੇ ਵੋਟਰ ਜੋ ਸ਼ਰਤਬੱਧ ਵੋਟਰ ਰਜਿਸਟਰੇਸ਼ਨ (CVR) ਲਈ ਯੋਗ ਪਾਏ ਜਾਂਦੇ ਹਨ, ਉਹ CVR ਲਿਫ਼ਾਫ਼ੇ ਸਮੇਤ ਇੱਕ ਬੈਲਟ ਪ੍ਰਾਪਤ ਕਰਨਗੇ।

CVR ਭਾਈਚਾਰੇ ਦੇ ਉਨ੍ਹਾਂ ਸਦੱਸਾਂ ਲਈ ਵੋਟ ਪਾਉਣ ਦਾ ਇੱਕ ਤਰੀਕਾ ਹੈ, ਜੋ ਰਜਿਸਟਰੇਸ਼ਨ ਦੀ 15 ਦਿਨਾਂ ਦੀ ਮਿਆਦ ਖਤਮ ਹੋਣ 'ਤੇ ਜਾਂ ਉਸ ਤੋਂ ਪਹਿਲਾਂ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ, ਇਸ ਦੇ ਤਹਿਤ ਉਹ ਚੋਣਾਂ ਵਾਲੇ ਦਿਨ ਹੀ ਆਪਣੇ ਆਪ ਨੂੰ ਵੋਟ ਕੇਂਦਰ 'ਤੇ ਜਾ ਕੇ ਰਜਿਸਟਰ ਕਰਵਾ ਸਕਦੇ ਹਨ ਅਤੇ ਫਿਰ ਵੋਟ ਪਾ ਸਕਦੇ ਹਨ। ਵੋਟਰ CVR ਦੀ ਵਰਤੋਂ ਰਜਿਸਟੇਸ਼ਨ ਦੀ 15 ਦਿਨਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਆਪਣਾ ਪਤਾ ਜਾਂ ਰਾਜਨੀਤਿਕ ਪਾਰਟੀ ਅੱਪਡੇਟ ਕਰਨ ਲਈ ਵੀ ਕਰ ਸਕਦੇ ਹਨ। ਹਾਲਾਂਕਿ, ਰਾਜਨੀਤਿਕ ਪਾਰਟੀ ਨੂੰ ਅੱਪਡੇਟ ਕਰਨਾ ਸਿਰਫ਼ ਰਾਸ਼ਟਰਪਤੀ ਪੱਦ ਦੀਆਂ ਪ੍ਰਾਈਮਰੀ ਚੋਣਾਂ, 'ਤੇ ਹੀ ਲਾਗੂ ਹੁੰਦਾ ਹੈ। ਇੱਕ ਵਾਰ ਪੂਰੇ ਕੀਤੇ CVR ਬੈਲਟ ਦੇ ROV ਦਫ਼ਤਰ ਵਾਪਸ ਪਹੁੰਚ ਜਾਣ 'ਤੇ, ਸੰਭਾਵਿਤ ਵੋਟਰ ਨੂੰ ਯੋਗਤਾ ਲਈ ਜਾਂਚਿਆ ਜਾਵੇਗਾ। ਬੈਲਟ ਉਦੋਂ ਹੀ ਖੋਲ੍ਹਿਆ ਜਾਵੇਗਾ, ਜਦੋਂ ਇਸ ਗੱਲ ਦੀ ਪੁਸ਼ਟੀ ਹੋ ਜਾਵੇਗੀ ਕਿ ਵੋਟਰ ਸਾਰੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਦਾ ਹੈ। CVR ਲਿਫਾਫਾ ਵੋਟਰ ਦੀ ਰਜਿਸਟਰੇਸ਼ਨ ਦੇ ਹਲਫ਼ਨਾਮੇ ਵਜੋਂ ਵੀ ਕੰਮ ਕਰੇਗਾ ਅਤੇ ਵੋਟਰ ਲਿਫ਼ਾਫ਼ੇ ਦੇ ਉੱਪਰੋਂ ਆਪਣੀ ਰਸੀਦ ਨੂੰ ਫਾੜ ਕੇ ਆਪਣੇ ਕੋਲ ਰੱਖ ਸਕਦੇ ਹਨ ਤਾਂ ਕਿ ਉਹ ROV ਦੀ ਵੈੱਬਸਾਈਟ 'ਤੇ ਇਸ ਦੀ ਸਥਿਤੀ ਨੂੰ ਟਰੈਕ ਕਰ ਸਕਣ[8]।

## ਬਦਲਵੇਂ ਬੈਲਟ

ਬੇਨਤੀ ਕੀਤੇ ਜਾਣ 'ਤੇ ਵੋਟ ਕੇਂਦਰ ਹੁਣ ਵੋਟਰਾਂ ਨੰ ਬਦਲਵੇਂ ਬੈਲਟ ਪ੍ਰਦਾਨ ਕਰਦੇ ਹਨ। ਇਸ ਗੱਲ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਕਿ ROV ਨੇ ਵੋਟਰ ਪਾਸੋਂ ਇਨ੍ਹਾਂ ਚੋਣਾਂ ਬਾਬਤ ਕੋਈ ਬੈਲਟ ਪ੍ਰਾਪਤ ਨਹੀਂ ਕੀਤਾ, ਵੋਟਰ ਕਿਸੇ ਵੀ ਵੋਟ ਕੇਂਦਰ 'ਤੇ ਜਾ ਕੇ ਇੱਕ ਬਦਲਵੇਂ ਬੈਲਟ ਲਈ ਬੇਨਤੀ ਕਰ ਸਕਦਾ ਹੈ[9]। ਜੇਕਰ ROV ਇਹ ਗੱਲ ਨਿਰਧਾਰਿਤ ਨਹੀਂ ਕਰ ਪਾਇਆ ਕਿ ਕੋਈ ਬੈਲਟ ਵੋਟਰ ਤੋਂ ਪ੍ਰਾਪਤ ਹੋਇਆ ਹੈ ਜਾਂ ਨਹੀਂ, ਤਾਂ ROV ਵੱਲੋਂ ਵੋਟਰ ਨੂੰ ਆਰਜ਼ੀ ਤੌਰ 'ਤੇ ਵੋਟ ਪਾਉਣ ਦੀ ਅਨੁਮਤੀ ਦਿੱਤੀ ਜਾ ਸਕਦੀ ਹੈ।

## ਆਰਜ਼ੀ ਵੋਟਿੰਗ[10]

ਵੋਟਰ ਕਿਸੇ ਵੀ ਵੋਟ ਕੇਂਦਰ 'ਤੇ ਜਾ ਕੇ ਆਰਜ਼ੀ ਤੌਰ 'ਤੇ ਵੋਟ ਪਾ ਸਕਦਾ ਹੈ। ਅਜਿਹਾ ਵੋਟਰ ਜੋ ਇਹ ਦਾਅਵਾ ਕਰਦਾ ਹੋਵੇ ਕਿ ਉਹ ਰਜਿਸਟਰਡ ਹੈ, ਪਰ ROV ਸਟਾਫ਼ ਉਸਦੀ ਰਜਿਸਟਰੇਸ਼ਨ ਅਤੇ ਯੋਗਤਾ ਨੂੰ ਫੌਰਨ ਨਿਰਧਾਰਿਤ ਨਾ ਕਰ ਪਾ ਰਿਹਾ ਹੋਵੇ, ਤਾਂ ਇਸ ਮਾਮਲੇ ਵਿੱਚ ਵੋਟਰ ਆਰਜ਼ੀ ਬੈਲਟ ਰਾਹੀਂ ਵੋਟ ਪਾਉਣ ਦਾ ਹੱਕਦਾਰ ਹੋਵੇਗਾ। ROV ਲਈ ਵੋਟਰ ਨੂੰ ਉਨ੍ਹਾਂ ਦੇ ਅਧਿਕਾਰ ਬਾਰੇ ਦੱਸਣਾ ਅਤੇ ਹੇਠਾਂ ਦੱਸੀਆਂ ਚੀਜ਼ਾਂ ਪ੍ਰਦਾਨ ਕਰਨਾ ਲਾਜ਼ਮੀ ਹੈ:

- ਆਰਜ਼ੀ ਬੈਲਟ ਪਾਉਣ ਦੀ ਪ੍ਰਕਿਰਿਆ ਅਤੇ ਵਿਧੀਆਂ ਸੰਬੰਧੀ ਲਿਖਤੀ ਹਦਾਇਤਾਂ ਦੇ ਨਾਲ ਇੱਕ ਆਰਜ਼ੀ ਬੈਲਟ
- ਵੋਟਰ ਦੀ ਰਜਿਸਟਰੇਸ਼ਨ ਅਤੇ ਵੋਟ ਪਾਉਣ ਦੀ ਯੋਗਤਾ ਸੰਬੰਧੀ ਲਿਖਤੀ ਸਹਿਮਤੀ, ਜਿਸ 'ਤੇ ਵੋਟਰ ਵੱਲੋਂ ਦਸਤਖ਼ਤ ਕਰਨੇ ਲਾਜ਼ਮੀ ਹਨ

---

[7] ਚੋਣ ਕੋਡ §12223 ਦੇਖੋ
[8] ਡਾਕ ਰਾਹੀ ਵੋਟ ਬੈਲਟ ਦਾ ਪਤਾ ਲਗਾਉਣ ਵਾਲੀ ਵੈੱਬਸਾਈਟ: https://eservices.sccgov.org/rov?tab=ab
[9] ਚੋਣ ਕੋਡ §4005
[10] ਚੋਣ ਕੋਡ §14310

ਆਰਜ਼ੀ ਤੌਰ 'ਤੇ ਵੋਟ ਪਾਉਣ ਲਈ, ਵੋਟਰ ਵੱਲੋਂ ROV ਸਟਾਫ਼ ਦੀ ਮੌਜੂਦਗੀ ਵਿੱਚ ਲਿਖਤ ਸਹਿਮਤੀ ਤੇ ਦਸਤਖ਼ਤ ਕਰਨਾ ਲਾਜ਼ਮੀ ਹੈ, ਜਿਸ ਨਾਲ ਇਹ ਸਪਸ਼ਟ ਹੁੰਦਾ ਹੋਵੇ ਕਿ ਵੋਟਰ ਵੋਟ ਪਾਉਣ ਲਈ ਯੋਗ ਹੈ ਅਤੇ ਉਹ Santa Clara ਕਾਉਂਟੀ ਵਿੱਚ ਰਜਿਸਟਰਡ ਹੈ। ਫਿਰ ਵੋਟਰ ਨੂੰ ਬੈਲਟ ਆਰਜ਼ੀ ਬੈਲਟ ਲਿਫਾਫੇ ਵਿੱਚ ਸੀਲਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਇਸ ਨੂੰ ROV ਦੇ ਮੁੱਖ ਦਫ਼ਤਰ ਵਿੱਚ ਵਾਪਸ ਭੇਜਿਆ ਜਾ ਸਕੇ।

ਅਧਿਕਾਰਿਕ ਕੈਨਵਸ ਦੌਰਾਨ, ਸਟਾਫ਼ ਵੱਲੋਂ ਵੋਟਰ ਦੇ ਪਤੇ ਦੀ ਪੁਸ਼ਟੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਆਰਜ਼ੀ ਬੈਲਟ ਲਿਫਾਫੇ ਦੇ ਦਸਤਖ਼ਤ ਵੋਟਰ ਦੀ ਰਜਿਸਟਰੇਸ਼ਨ ਦੇ ਹਲਫ਼ਨਾਮੇ ਜਾਂ ਵੋਟਰ ਰਜਿਸਟਰੇਸ਼ਨ ਫਾਈਲ ਦੇ ਕਿਸੇ ਦੂਜੇ ਦਸਤਖ਼ਤਾਂ ਨਾਲ ਮੇਲ ਖਾਂਦੇ ਹੋਣ। ਦਸਤਖ਼ਤ ਵਿੱਚ ਨਾਮ ਦੇ ਪਹਿਲੇ, ਵਿਚਕਾਰਲੇ, ਜਾਂ ਦੋਵਾਂ ਭਾਗਾਂ ਦੇ ਛੋਟੇ ਦਸਤਖ਼ਤਾਂ ਨੂੰ ਬਦਲਣ ਨਾਲ ਜਾਂ ਦਸਤਖ਼ਤਾਂ ਵਿੱਚ ਫਰਕ ਪੈਣ ਨਾਲ, ਜਾਂ ਇਨ੍ਹਾਂ ਦੋਵਾਂ ਕਾਰਨਾਂ ਨਾਲ ਬੈਲਟ ਅਯੋਗ ਨਹੀਂ ਹੋ ਜਾਂਦਾ। ਸਟਾਫ਼ ਵੱਲੋਂ ਬੈਲਟ ਨੂੰ ਖੋਲ੍ਹਣ ਅਤੇ ਉਸ ਦੀ ਗਿਣਤੀ ਕਰਨ ਤੋਂ ਪਹਿਲਾਂ, ਵਧੀਕ ਯੋਗਤਾ ਲੋੜਾਂ ਦੀ ਪੁਸ਼ਟੀ ਕਰਨਾ ਵੀ ਲਾਜ਼ਮੀ ਹੈ।

ਆਰਜ਼ੀ ਬੈਲਟ ਦੀ ਵਰਤੋਂ ਕਰਨ ਵਾਲੇ ਹਰੇਕ ਵੋਟਰ ਨੂੰ ਲਿਫਾਫੇ ਤੋਂ ਰਸੀਦ ਨੂੰ ਫਾੜ ਕੇ ਆਪਣੇ ਕੋਲ ਰੱਖ ਲੈਣੀ ਚਾਹੀਦੀ ਹੈ, ਤਾਂਕਿ ਉਹ ਆਪਣੇ ਬੈਲਟ ਦੀ ਸਥਿਤੀ ROV ਦੀ ਵੈੱਬਸਾਈਟ 'ਤੇ ਟਰੈਕ ਕਰ ਸਕਣ[11]। ਇਹ ਜਾਣਨ ਲਈ ਕਿ ਉਨ੍ਹਾਂ ਦੇ ਬੈਲਟ ਨੂੰ ਗਿਣਤੀ ਵਿੱਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ, ਅਤੇ ਜੇ ਨਹੀਂ, ਤਾਂ ਉਸਦਾ ਕਾਰਨ ਪਤਾ ਕਰਨ ਲਈ, ਵੋਟਰ ROV ਨੂੰ ਸੰਪਰਕ ਕਰ ਸਕਦੇ ਹਨ ਜਾਂ ਵੈੱਬਸਾਈਟ[12] ਦੀ ਵਰਤੋਂ ਕਰ ਸਕਦੇ ਹਨ।

## ਵੋਟ ਕੇਂਦਰਾਂ ਵਿੱਚ ਪਹੁੰਚਯੋਗ ਵੋਟਿੰਗ

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਦਾ ਟੀਚਾ ਇਹ ਪੱਕਾ ਕਰਨਾ ਹੈ ਕਿ VCA ਦੀ ਯੋਜਨਾਬੰਧੀ ਅਤੇ ਲਾਗੂ ਕਰਨ ਦੇ ਸਮੇਂ ਹਰੇਕ ਵੋਟਰ ਦੀ ਪਹੁੰਚਯੋਗਤਾ ਦਾ ਧਿਆਨ ਰੱਖਿਆ ਜਾਵੇ। ROV ਵੱਲੋਂ ਵੋਟ ਕੇਂਦਰਾਂ, ਵੋਟਿੰਗ ਮਸ਼ੀਨਾਂ ਦੀ ਚੋਣ ਕਰਨ ਵੇਲੇ, ਅਤੇ ਚੋਣ ਅਧਿਕਾਰੀਆਂ ਦੀ ਸਿਖਲਾਈ ਅਤੇ ਪਲੇਸਮੈਂਟ ਕਰਦੇ ਸਮੇਂ, ਪਹੁੰਚਯੋਗਤਾ ਨੂੰ ਮੁੱਖ ਤੌਰ 'ਤੇ ਧਿਆਨ ਵਿੱਚ ਰੱਖਿਆ ਜਾਂਦਾ ਹੈ, ਤਾਂ ਕਿ ਵੋਟਰਾਂ ਦੀ ਹਰੇਕ ਅਤੇ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ। ROV ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਦੁਆਰਾ ਵੋਟਿੰਗ ਕਰਨ ਜਿਹੇ ਪੁਰਾਣੇ ਸਥਾਪਤ ਪ੍ਰੋਗਰਾਮਾਂ ਦੇ ਨਾਲ-ਨਾਲ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸਾਂ (BMD) ਦੀ ਵਰਤੋਂ ਕਰ ਰਿਹਾ ਹੈ, ਤਾਂ ਕਿ ਹਰੇਕ ਵੋਟਰ ਲਈ ਇੱਕ ਸੁਰੱਖਿਅਤ, ਪਹੁੰਚਯੋਗ, ਅਤੇ ਸੁਤੰਤਰ ਵੋਟਿੰਗ ਅਨੁਭਵ ਪ੍ਰਦਾਨ ਕੀਤਾ ਜਾ ਸਕੇ। Santa Clara ਕਾਉਂਟੀ ਵੱਲੋਂ ਸਾਰੇ ਵੋਟਿੰਗ ਕੇਂਦਰਾਂ 'ਤੇ ਪਹੁੰਚਯੋਗ ਵੋਟਿੰਗ ਦੀ ਸੁਵਿਧਾ ਪਹਿਲਾਂ ਵੀ ਪ੍ਰਦਾਨ ਕੀਤੀ ਜਾਂਦੀ ਸੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕੀਤੀ ਜਾਵੇਗੀ[13]।

ROV ਵੋਟ ਕੇਂਦਰ ਸੰਬੰਧੀ ਸਹੂਲਤਾਂ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਿਤ ਕਰਨ ਲਈ, ਜੋ ਮਿਆਰਾਂ 'ਤੇ ਪੂਰੀਆਂ ਉਤਰਦੀਆਂ ਹਨ, ਅਤੇ ਜਿਨ੍ਹਾਂ ਨੂੰ ਸੋਧਣ ਦੀ ਲੋੜ ਹੈ, California ਸੈਕ੍ਰੇਟਰੀ ਔਫ ਸਟੇਟ ਦੇ ਪਹੁੰਚਯੋਗਤਾ ਜਾਂਚ-ਸੂਚੀ ਸਰਵੇਖਣ ਦੀ ਵਰਤੋਂ ਕਰਦਾ ਹੈ। ਸਾਰੇ ਸੰਸ਼ੋਧਨਾਂ ਨੂੰ ਡਿਲੀਵਰੀ ਸਿਸਟਮ ਵਿੱਚ ਅਤੇ ਨਕਸ਼ਿਆਂ, ਉਦਾਹਰਨਾਂ ਅਤੇ ਫ਼ੋਟੋਆਂ ਸਮੇਤ ਵਿਅਕਤੀਗਤ ਵੋਟ ਕੇਂਦਰ ਕਿਤਾਬਚਿਆਂ ਵਿੱਚ ਲਾਗੂ ਕੀਤਾ ਜਾਵੇਗਾ ਅਤੇ ਇਹ ਸਭ ਕੁਝ ਸੁਪਰਵਾਈਜ਼ਰਾਂ ਨੂੰ ਦਿੱਤਾ ਜਾਵੇਗਾ ਜੋ ਕੇਂਦਰ ਨੂੰ ਤਿਆਰ ਅਤੇ ਆਪਰੇਟ ਕਰਨ ਲਈ ਜ਼ਿੰਮੇਵਾਰ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਸੰਸ਼ੋਧਨ ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਦੇ ਅਧਿਨਿਯਮ (ADA)[14] ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ, ਅਤੇ ਇਨ੍ਹਾਂ ਵਿੱਚ ADA ਦੀਆਂ ਪਾਰਕਿੰਗ ਥਾਵਾਂ, ਰੈਂਪ, ਦਰਵਾਜ਼ੇ, ਰਸਤੇ ਅਤੇ ਹੋਰ ਸ਼ਾਮਲ ਹੋ ਸਕਦੇ ਹਨ।

Santa Clara ਦਾ ਹਰੇਕ ਵੋਟ ਕੇਂਦਰ ਘੱਟੋ-ਘੱਟ ਤਿੰਨ (3) ਪਹੁੰਚਯੋਗ ਬੈਲਟ ਮਾਰਕਿੰਗ ਡਿਵਾਈਸ ਨਾਲ ਲੈਸ ਹੁੰਦਾ ਹੈ, ਪਰ ROV ਵਧੇਰੇ ਸੰਘਣੀ ਆਬਾਦੀ ਦੇ ਖੇਤਰਾਂ ਵਿੱਚ ਸਥਿਤ ਵੋਟ ਕੇਂਦਰਾਂ ਵਿੱਚ ਅਤੇ ਇਤਿਹਾਸਕ ਤੌਰ 'ਤੇ ਵੱਧ ਮਤਦਾਨ ਵਾਲੇ ਵੋਟ ਕੇਂਦਰਾਂ ਵਿੱਚ ਵਧੇਰੇ ਸਪਲਾਈ ਕਰੇਗਾ। ਡੋਮੀਨੀਅਨ ਵੋਟਿੰਗ ਸਿਸਟਮ ICX BMD ਵੱਲੋਂ ਕੁਝ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੁਤੰਤਰ ਵੋਟਿੰਗ ਅਨੁਭਵ ਮੁਹੱਈਆ ਕਰਵਾਇਆ ਜਾਂਦਾ ਹੈ। ਹਰੇਕ ਵੋਟਿੰਗ ਕੇਂਦਰ ਲਈ BMD ਵਿੱਚ ਮਤਦਾਨ ਕਰਨ ਦੇ ਕਈ ਕਿਸਮਾਂ ਦੇ ਵਿਕਲਪਾਂ ਦੇ ਨਾਲ ADA ਅਨੁਰੂਪ ਵਿਸ਼ੇਸ਼ਤਾਵਾਂ ਅਤੇ ਸਹਾਇਕ ਉਪਕਰਣ ਮੌਜੂਦ ਹੁੰਦੇ ਹਨ। ਇਹ ਯੂਨਿਟਾਂ ਸਾਰੀਆਂ ਬੈਲਟ ਕਿਸਮਾਂ ਅਤੇ ਭਾਸ਼ਾ ਦੇ ਸੰਸਕਰਨਾਂ ਨਾਲ ਪ੍ਰੋਗਰਾਮ ਕੀਤੀਆਂ ਜਾਂਦੀਆਂ ਹਨ।

ਕਾਉਂਟੀ ਦੀ ਵੋਟਿੰਗ ਪ੍ਰਣਾਲੀ ਵਿੱਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਵਧੇਰੇ ਪਹੁੰਚਯੋਗ ਵੋਟਿੰਗ ਦਾ ਤਜਰਬਾ ਪ੍ਰਦਾਨ ਕਰਦੀਆਂ ਹਨ। ਇਹ ਸਿਸਟਮ ਵਿਜ਼ੂਅਲ, ਆਡੀਓ, ਅਤੇ ਸਪਰਸ਼ ਕਰਨ ਵਾਲੇ ਇੰਟਰਫੇਸ ਦੀ ਸੁਵਿਧਾ ਦਿੰਦਾ ਹੈ ਜੋ ਕਿਸੇ ਵੀ ਵੋਟਰ-ਪਸੰਦੀਦਾ ਜੋੜ ਵਿੱਚ ਨੈਵੀਗੇਟ ਕਰਨ ਲਈ ਅਤੇ ਬੈਲਟ 'ਤੇ ਨਿਸ਼ਾਨ ਲਗਾਉਣ ਲਈ ਵਰਤੇ ਜਾਸਕਦੇ ਹਨ। ਵਿਜ਼ੂਅਲ ਸਕ੍ਰੀਨ ਸੋਧਾਂ ਦੇ ਸੰਬੰਧ ਵਿੱਚ, ਸਕ੍ਰੀਨ

'ਤੇ ਫੌਂਟ ਦਾ ਅਕਾਰ ਬਦਲਿਆ ਜਾ ਸਕਦਾ ਹੈ ਅਤੇ ਸਕ੍ਰੀਨ ਰੇਜ਼ੋਲਯੂਸ਼ਨ ਨੂੰ ਇੱਕ ਕਾਲੇ ਬੈਕਗ੍ਰਾਉਂਡ ਤੇ ਹਾਈ- ਕੰਟ੍ਰਾਸਟ ਚਿੱਟੇ ਵਿੱਚ ਬਦਲਿਆ ਜਾ ਸਕਦਾ ਹੈ। ਸਕ੍ਰੀਨ ਸੋਧਾਂ ਦੇ ਨਾਲ-ਨਾਲ, ਆਡੀਓ ਸਪਰਸ਼ ਇੰਟਰਫੇਸ (ATI) ਨੂੰ ਵੀ ਜੋੜਿਆ ਜਾ ਸਕਦਾ ਹੈ। ATI ਯੂਨਿਟ ਅਵਾਜ਼ ਨਾਲ ਨਿਯੰਤਰਿਤ ਆਡੀਓ ਵੋਟਿੰਗ ਹਿੱਸੇ ਨਾਲ ਲੈਸ ਹੈ ਜੋ ਵੋਟਰਾਂ ਨੂੰ ਉਨ੍ਹਾਂ ਦੇ ਬੈਲਟ ਨੂੰ ਸੁਣਨ, ਬੋਲਣ ਦੀ ਸਪੀਡ ਨੂੰ ਅਨੁਕੂਲ

[11] ਡਾਕ ਰਾਹੀਂ ਵੋਟ ਬੈਲਟ ਦਾ ਪਤਾ ਲਗਾਉਣ ਵਾਲੀ ਵੈੱਬਸਾਈਟ:https://eservices.sccgov.org/rov?tab=ab
[12] ਆਰਜ਼ੀ ਬੈਲਟ ਦਾ ਪਤਾ ਲਗਾਉਣ ਵਾਲੀ ਵੈੱਬਸਾਈਟ: https://eservices.sccgov.org/rov/?tab=pb
[13] ਚੋਣ ਕੋਡ $19240
[14] ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਦੇ ਅਧਿਨਿਯਮ ਦੀ ਵੈੱਬਸਾਈਟ: https://www.ada.gov/

ਬਣਾਉਣ ਦਿੰਦਾ ਹੈ (ਜੇ ਲੋੜੀਂਦਾ ਹੋਵੇ), ਅਤੇ ਆਪਣੀ ਚੋਣਾਂ ਕਰਨ ਦਿੰਦਾ ਹੈ। ATI ਵਿੱਚ ਨੇਵੀਗੇਸ਼ਨ ਲਈ ਵੱਡੇ ਬਟਨਾਂ ਦੀ ਇੱਕ ਪੂਰੀ ਸ਼ਰੇਣੀ ਹੈ ਜਿਸ ਨਾਲ ਸੰਬੰਧਿਤ ਬਰੇਲ ਵਰਣਨ ਅਤੇ "ਸਿਪ ਐਂਡ ਪਫ" ਜਾਂ ਪੈਡਲ ਦੀ ਚੋਣ ਕਰਨ ਵਾਲੇ ਉਪਕਰਨਾਂ ਲਈ ਇਨਪੁਟਸ ਹੁੰਦੇ ਹਨ। ਉਹ ਵੋਟਰ ਜੋ ਇਨ੍ਹਾਂ ਸੁਵਿਧਾਵਾਂ ਦੀ ਵਰਤੋਂ ਆਪਣੇ-ਆਪ ਕਰਨ ਵਿੱਚ ਅਸਮਰੱਥ ਹਨ, ਉਹ ਵੋਟ ਪਾਉਣ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਲਈ ਆਪਣੇ ਨਾਲ ਦੋ ਵਿਅਕਤੀ ਤੱਕ ਲਿਆ ਸਕਦੇ ਹਨ। ਇਸ ਤੋਂ ਇਲਾਵਾ, ROV ਵੱਲੋਂ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੀਆਂ ਆਡੀਓ ਟੇਪਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਕਿ ਬੇਨਤੀ ਕਰਨ 'ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ।

ਇੱਕ ਜਾਂ ਇੱਕ ਤੋਂ ਜ਼ਿਆਦਾ BMD ਦੇ ਅਸਫ਼ਲ ਹੋ ਜਾਣ ਜਾਂ ਖ਼ਰਾਬ ਹੋ ਜਾਣ 'ਤੇ, ROV ਵੱਲੋਂ ਲੋੜ ਅਨੁਸਾਰ ਕਿਸੇ ਵੀ ਡਿਵਾਈਸ ਨੂੰ ਬਦਲਣ ਦੀਆਂ ਪ੍ਰਕਿਰਿਆਵਾਂ ਫੌਰਨ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਬਦਲੀ ਦੀ ਇਸ ਪ੍ਰਕਿਰਿਆ ਦੀ ਤਰਜੀਹ ਟਿਕਾਣੇ ਦੇ ਕੰਮ ਕਰੇ ਰਹੇ ਉਪਲਬਧ ਯੂਨਿਟਾਂ, ਸਮਰੱਥਾ ਸੰਬੰਧੀ ਲੋੜਾਂ, ਅਤੇ ਖ਼ਰਾਬੀ ਦੀ ਤੀਬਰਤਾ ਦੇ ਅਨੁਸਾਰ ਤੈਅ ਕੀਤੀ ਜਾਂਦੀ ਹੈ। ਸਹਾਇਤਾ ਕਾਰਵਾਈ ਅਨੁਪਾਤ, ਹਰ ਛੇ (6) ਵੋਟ ਕੇਂਦਰ ਸਮੂਹਾਂ ਲਈ ਤਿੰਨ (3) ਟੀਮਾਂ ਨਾਲ ਇੱਕ (1) ਸਹਾਇਤਾ ਸਾਈਟ ਹੈ।

ਹਰੇਕ ਵੋਟ ਕੇਂਦਰ 'ਤੇ ਉਪਲਬਧ ਵਧੀਕ ਪਹੁੰਚਯੋਗਤਾ ਸੇਵਾਵਾਂ ਵਿੱਚ ਕਰਬਸਾਈਡ ਵੋਟਿੰਗ ਅਤੇ ਸਹਾਇਕਾਂ ਦੀ ਉਪਲਬਧਤਾ ਸ਼ਾਮਲ ਹਨ, ਜਿਨ੍ਹਾਂ ਨੂੰ ਮੁਲਾਂਕਣ ਕਰਨ ਅਤੇ ਵੋਟਰਾਂ ਦੀਆਂ ਸਾਰੀਆਂ ਲੋੜਾਂ ਨੂੰ ਵੋਟ ਕੇਂਦਰ ਕਾਰਵਾਈ ਰਾਹੀਂ ਹੱਲ ਕਰਨ ਦੀ ਸਿਖਲਾਈ ਮਿਲੀ ਹੋਵੇਗੀ।

## ਭਾਸ਼ਾ ਸੰਬੰਧੀ ਸਹਾਇਤਾ

ROV ਦਾ ਟੀਚਾ ਹੈ ਕਿ ਹਰੇਕ ਵੋਟ ਕੇਂਦਰ ਸਾਰੀਆਂ ਲੋੜੀਂਦੀਆਂ ਭਾਸ਼ਾਵਾਂ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਭਾਸ਼ਾ ਸੰਬੰਧੀ ਸਹਾਇਤਾ ਜ਼ਰੂਰ ਪ੍ਰਦਾਨ ਕਰੇ[15]। Santa Clara ਕਾਉਂਟੀ ਲਈ, ਇਹ ਭਾਸ਼ਾਵਾਂ ਹਨ:

- ਅੰਗਰੇਜ਼ੀ
- ਚੀਨੀ
- ਸਪੈਨਿਸ਼
- ਟੈਗਾਲੋਗ
- ਵੀਅਤਨਾਮੀ
- ਹਿੰਦੀ
- ਜਪਾਨੀ
- ਖਮੇਰ
- ਕੋਰੀਆਈ
- ਗੁਜਰਾਤੀ
- ਨੇਪਾਲੀ
- ਪੰਜਾਬੀ
- ਤਮਿਲ
- ਤੇਲਗੂ

ਕਿਸੇ ਵਿਸ਼ੇਸ਼ ਭਾਈਚਾਰੇ ਦੀਆਂ ਲੋੜਾਂ ਮੁਤਾਬਕ, ROV ਦੁਭਾਸ਼ੀਏ ਸਟਾਫ਼ ਨੂੰ ਭਰਤੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਉਸ ਭਾਈਚਾਰੇ ਦੀਆਂ ਪ੍ਰਮੁੱਖ ਭਾਸ਼ਾਵਾਂ  ਬੋਲ ਸਕਦਾ ਹੈ। ਖ਼ਾਸ ਭਾਸ਼ਾ ਦੀਆਂ ਲੋੜਾਂ ਵਾਲੇ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਹਾਲਾਂਕਿ, ਜੇਕਰ ਦੋ ਭਾਸ਼ੀਆ ਸਟਾਫ਼ ਉਪਲਬਧ ਨਹੀਂ ਹੁੰਦਾ, ਤਾਂ ਵੋਟ ਕੇਂਦਰ ਦਾ ਸਟਾਫ਼ ROV ਨਾਲ ਸੰਪਰਕ ਕਰਕੇ ਵੋਟਰ ਨੂੰ ਦਫ਼ਤਰ ਦੇ ਦੁਭਾਸ਼ੀਏ ਸਟਾਫ਼ ਨਾਲ ਜਾਂ ਕਾਉਂਟੀ ਦੀ ਫ਼ੋਨ ਅਨੁਵਾਦ ਸੇਵਾ ਨਾਲ ਕਨੈਕਟ ਕਰੇਗਾ।

ਵੋਟਰ ਡਾਟਾਬੇਸ ਤੋਂ ਲਏ ਗਏ ਮੇਪਿੰਗ ਅਤੇ ਭਾਸ਼ਾ ਸੰਬੰਧੀ ਡਾਟੇ ਦੀ ਵਰਤੋਂ ਕਰਦੇ ਹੋਏ, ROV ਨੇ ਦੁਭਾਸ਼ੀਏ ਸਟਾਫ਼ ਨੂੰ ਸਥਾਪਤ ਕਰਨ ਲਈ ਉਨ੍ਹਾਂ ਟਿਕਾਣਿਆਂ ਨੂੰ ਲਕਸ਼ਿਤ ਕੀਤਾ ਹੈ, ਜਿੱਥੇ ਉਹ ਭਾਈਚਾਰੇ ਨੂੰ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਸਹਾਇਤਾ ਪ੍ਰਦਾਨ ਕਰ ਸਕਣਗੇ। ਕੁਝ ਖਾਸ ਭਾਸ਼ਾ ਸੰਬੰਧੀ ਭਾਈਚਾਰਿਆਂ ਵਿਚਲੇ ਵੋਟ ਕੇਂਦਰਾਂ 'ਤੇ ਦੁਭਾਸ਼ੀਏ ਚੋਣ ਅਧਿਕਾਰੀਆਂ ਨੂੰ ਸਥਾਪਤ ਕਰਨ ਦਾ ਕੰਮ ਉਦੋਂ ਹੀ ਕੀਤਾ ਜਾਵੇਗਾ ਜਦੋਂ ਪੂਰੀ ਕਾਉਂਟੀ ਦੇ ਹਰੇਕ ਵੋਟ ਕੇਂਦਰ ਵਿੱਚ ਹਰੇਕ ਭਾਸ਼ਾ ਲਈ ਭਰਤੀ ਕਰਨ ਵਾਸਤੇ ਦੁਭਾਸ਼ੀਏ ਚੋਣ ਅਧਿਕਾਰੀਆਂ ਦੀ ਉਚਿਤ ਗਿਣਤੀ ਮੌਜੂਦ ਨਹੀਂ ਹੋਵੇਗੀ।

ਆਧਿਕਾਰਿਕ ਬੈਲਟ, CVR ਅਤੇ ਆਰਜ਼ੀ ਲਿਫ਼ਾਫ਼ੇ ਸੰਘੀ ਸਰਕਾਰ ਦੁਆਰਾ ਲਾਜ਼ਮੀ ਬਣਾਈਆਂ ਗਈਆਂ ਭਾਸ਼ਾਵਾਂ ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਅਤੇ ਰਾਜ ਦੁਆਰਾ  ਲਾਜ਼ਮੀ ਬਣਾਈਆਂ ਗਈਆਂ  ਭਾਸ਼ਾਵਾਂ ਜਿਵੇਂ ਹਿੰਦੀ, ਖਮੇਰ, ਕੋਰੀਆਈ ਅਤੇ ਜਪਾਨੀ ਵਿੱਚ ਬਣਾਏ ਜਾਂਦੇ ਹਨ। ਪ੍ਰਤੀਲਿਪੀ ਬੈਲਟ ਰਾਜ ਦੁਆਰਾ ਲਾਜ਼ਮੀ ਬਣਾਈਆਂ ਗਈਆਂਭਾਸ਼ਾਵਾਂ ਜਿਵੇਂ ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ ਵਿੱਚ ਲਕਸ਼ਿਤ ਖੇਤਰਾਂ ਲਈ ਬਣਾਏ ਜਾਂਦੇ ਹਨ। ਵੋਟ ਕੇਂਦਰ 'ਤੇ ਲੱਗੇ ਸਾਈਨੇਜ (ਸੰਕੇਤ) ਇਨ੍ਹਾਂ ਸਾਰੀਆਂ ਚੌਦਾਂ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ। ਪ੍ਰਤਿਲਿਪੀ ਬੈਲਟ ਨਮੂਨਾ ਬੈਲਟ ਹੁੰਦੇ ਹਨ ਜਿਨ੍ਹਾਂ ਨੂੰ ਵੋਟਰ ਵੋਟ ਪਾਉਣ ਲੱਗਿਆਂ ਹਵਾਲੇ ਦੇ ਤੌਰ 'ਤੇ ਵਰਤ ਸਕਦੇ ਹਨ। Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਵੱਲੋਂ ਲਕਸ਼ਿਤ ਵੋਟ ਕੇਂਦਰਾਂ ਲਈ 2021 ਵਿੱਚ ਸ਼ਾਮਲ ਕੀਤੀਆਂ ਗਈਆਂ ਪੰਜ ਭਾਸ਼ਾਵਾਂ ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ, ਅਤੇ ਤੇਲਗੂ ਵਿੱਚ ਪ੍ਰਤੀਲਿਪੀ ਬੈਲਟ ਬੈਲਟ ਤਿਆਰ ਕੀਤੇ ਜਾਣਗੇ। ਪ੍ਰਤਿਲਿਪੀ ਬੈਲਟ ਦੀਆਂ ਕਾਪੀਆਂ ਨਿਰਧਾਰਤ ਵੋਟ ਕੇਂਦਰਾਂ ਵਿੱਚ ਵੋਟਰਾਂ ਲਈ ਉਪਲਬਧ ਹੋਣਗੀਆਂ ਤਾਂ ਕਿ ਉਹ ਨਿੱਜੀ ਬੈਲਟ ਕਾਸਟ ਕਰਨ ਵੇਲੇ ਇਨ੍ਹਾਂ ਦੀ ਵਰਤੋਂ ਕਰ ਸਕਣ। ਪ੍ਰਤਿਲਿਪੀ ਬੈਲਟ ਦਿਸਣ ਵਿੱਚ ਆਮ ਬੈਲਟ ਨਾਲੋਂ ਵੱਖ ਹੋਣਗੇ ਤਾਂ ਕਿ ਵੋਟਰ ਵੋਟ ਪਾਉਣ ਵੇਲੇ ਕਿਤੇ ਗਲਤੀ ਨਾਲ ਪ੍ਰਤਿਲਿਪੀ ਕਾਪੀ 'ਤੇ ਹੀ ਵੋਟ ਨਾ ਪਾ ਦੇਣ। ਵੋਟ ਕੇਂਦਰ ਦੇ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ ਤਾਂ ਕਿ ਉਹ ਵੋਟਰਾਂ ਨੂੰ ਬੈਲਟ ਦੀ

[15] ਚੋਣ ਕੋਡ §12303

ਪ੍ਰਤਿਲਿਪੀ ਕਾਪੀ ਮੌਜੂਦ ਹੋਣ ਦੀ ਸੂਚਨਾ ਪ੍ਰਦਾਨ ਕਰ ਸਕਣ ਅਤੇ ਵੋਟਰ ਵੱਲੋਂ ਬੇਨਤੀ ਕਰਨ 'ਤੇ ਉਸ ਨੂੰ ਇੱਕ ਪ੍ਰਤਿਲਿਪੀ ਬੈਲਟ ਪ੍ਰਦਾਨ ਕਿਵੇਂ ਕਰਨਾ ਹੈ, ਇਸ ਬਾਰੇ ਜਾਣ ਸਕਣ। ਕਾਉਂਟੀ ਵੱਲੋਂ ਜਿਨ੍ਹਾਂ 14 ਭਾਸ਼ਾਵਾਂ ਵਿੱਚ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ (ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ, ਹਿੰਦੀ, ਜਪਾਨੀ, ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ) ਉਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚ ਲਕਸ਼ਿਤ ਖੇਤਰਾਂ ਵਿੱਚ ਸਾਰੇ ਵੋਟ ਕੇਂਦਰਾਂ ਵਿੱਚ ਈ-ਪੋਲਬੁੱਕ ਦੇ ਨੇੜੇ ਸੰਕੇਤ ਲਗਾਏ ਜਾਣਗੇ, ਤਾਂ ਕਿ ਵੋਟਰਾਂ ਨੂੰ ਪ੍ਰਤਿਲਿਪੀ ਕਾਪੀਆਂ ਦੇ ਮੌਜੂਦ ਹੋਣ ਬਾਰੇ ਸੂਚਿਤ ਕੀਤਾ ਜਾ ਸਕੇ।

ਸਾਰੀਆਂ ਕਾਉਂਟੀ ਵੋਟਰ ਜਾਣਕਾਰੀ ਗਾਈਡਾਂ ਵਿੱਚ ਸਾਰੀਆਂ 14 ਭਾਸ਼ਾਵਾਂ ਵਿੱਚ ਇੱਕ ਪ੍ਰਤਿਲਿਪੀ ਬੈਲਟ ਦਰਖਾਸਤ ਅਤੇ ਇੱਕ ਨੋਟਿਸ ਮੌਜੂਦ ਹੋਵੇਗਾ ਜੋ ਵੋਟਰਾਂ ਨੂੰ ਸੂਚਿਤ ਕਰੇਗਾ ਕਿ ਚੋਣ ਕੋਡ EC 14201 ਦੇ ਅਨੁਸਾਰ ਵੋਟ ਕੇਂਦਰਾਂ 'ਤੇ ਵੋਟਰਾਂ ਲਈ ਪ੍ਰਤਿਲਿਪੀ ਬੈਲਟ ਉਪਲਬਧ ਹੋਣਗੇ ਅਤੇ ਬੇਨਤੀ ਕਰਨ 'ਤੇ ਪ੍ਰਦਾਨ ਕੀਤੇ ਜਾਣਗੇ। ਚੋਣਾਂ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਕਾਉਂਟੀ ਦੀ ਵੈੱਬਸਾਈਟ 'ਤੇ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ ਜਿਸ ਵਿੱਚ ਇਹ ਦੱਸਿਆ ਹੋਵੇਗਾ ਕਿ ਕਿਹੜੇ ਵੋਟ ਕੇਂਦਰਾਂ, ਤੇ ਵੋਟਰਾਂ ਲਈ ਪ੍ਰਤਿਲਿਪੀ ਬੈਲਟ ਉਪਲਬਧ ਹਨ।

ਜਦੋਂ ਕੋਈ ਖਾਸ ਦੁਭਾਸ਼ੀਆ ਕਰਮਚਾਰੀ ਉਪਲਬਧ ਨਹੀਂ ਹੁੰਦਾ, ਤਾਂ ਵੋਟ ਕੇਂਦਰ ਦਾ ਸਟਾਫ਼ ROV ਦਫ਼ਤਰ ਵਿੱਚ ਕਾਲ ਕਰਕੇ ਸਾਡੇ ਕਿਸੇ ਦੁਭਾਸ਼ੀਏ ਸਟਾਫ਼ ਦੇ ਨਾਲ ਗੱਲ ਕਰ ਸਕਦਾ ਹੈ। ਇਸ ਤੋਂ ਇਲਾਵਾ, ਸਾਨੂੰ ਪ੍ਰਾਪਤ ਹੋਈ ਕੋਈ ਵੀ ਭਾਸ਼ਾ ਸੰਬੰਧੀ ਬੇਨਤੀ ਅਸੀਂ ਕਾਉਂਟੀ ਦੀ ਫ਼ੋਨ ਅਨੁਵਾਦ ਸੇਵਾ ਰਾਹੀਂ ਪੂਰੀ ਕਰ ਸਕਦੇ ਹਾਂ।

ਸਾਰੀਆਂ ਵੋਟਿੰਗ ਸਮੱਗਰੀਆਂ ਪ੍ਰਿੰਟ ਕੀਤੇ ਹੋਏ ਮੀਡੀਆ ਵਿੱਚ ਅਤੇ ਨਾਲ ਹੀ ਇਲੈਕਟ੍ਰਾਨਿਕ ਤੌਰ 'ਤੇ (ਟੈਬਲੇਟ ਜਿਸ ਵਿੱਚ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਸ਼ਾਮਲ ਕੀਤੀ ਗਈ ਹੈ) ਸੰਘੀ ਸਰਕਾਰ ਦੁਆਰਾ ਲਾਜ਼ਮੀ ਬਣਾਈਆਂ ਗਈਆਂ ਪੰਜ ਭਾਸ਼ਾਵਾਂ ਵਿੱਚ ਬਣਾਈ ਜਾਂਦੀ ਹੈ। ਸਾਰੇ ਵੋਟ ਕੇਂਦਰ ਦੇ ਸੰਕੇਤ ਲਗਾਏ ਜਾਣਗੇ, ਜੋ ਇਹ ਦੱਸਣਗੇ ਕਿ ਇੱਥੇ ਭਾਸ਼ਾ ਸੰਬੰਧੀ ਸਹਾਇਤਾ ਉਪਲਬਧ ਹੈ।

## ਵੋਟ ਕੇਂਦਰ ਦੀ ਸਥਾਪਨਾ ਸੰਬੰਧੀ ਵਿਚਾਰ

ROV ਵੱਲੋਂ **ਬੈਲਟ ਡ੍ਰੌਪ-ਔਫ ਟਿਕਾਣੇ** ਭਾਗ ਵਿੱਚ ਦਿੱਤੇ ਹੋਏ ਸੈਕ੍ਰੇਟਰੀ ਔਫ ਸਟੇਟ ਵੱਲੋਂ ਲਾਜ਼ਮੀ ਕੀਤੇ 14 ਮਾਪਦੰਡਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਸਾਰੇ ਉਪਲਬਧ ਸਰੋਤਾਂ (ਉਦਾਹਰਨ ਲਈ, ਅਮਰੀਕੀ ਸਮੁਦਾਇ ਸਰਵੇਖਣ, ROV ਵੋਟਰ ਡਾਟਾਬੇਸ, VTA ਬਸ ਅੱਡੇ) ਤੋਂ ਇਕੱਤਰ ਕੀਤੇ ਡਾਟਾ ਦੀ ਵਰਤੋਂ ਕਰਕੇ ਇਨ੍ਹਾਂ ਮਾਪਦੰਡਾਂ ਵਿੱਚੋਂ ਕੁਝ ਲਈ ਮਾਤਰਾ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ। ਇਨ੍ਹਾਂ ਮਾਪਦੰਡਾਂ ਵਿੱਚ ਜਨਤਕ ਆਵਾਜਾਈ, ਟਰੈਫਿਕ ਪੈਟਰਨ, ਜਨਸੰਖਿਆ ਕੇਂਦਰ, ਅਲਪਸੰਖਿਅਕ ਭਾਸ਼ਾ ਘੱਟ ਗਿਣਤੀ, ਅਪਾਹਜਤਾ, ਘੱਟ ਵਾਹਨ ਮਾਲਕੀ, ਘੱਟ ਆਮਦਨ, ਡਾਕ ਰਾਹੀਂ ਵੋਟ ਦੀ ਘੱਟ ਵਰਤੋਂ ਅਤੇ ਘੱਟ ਵੋਟਰ ਰਜਿਸਟਰੇਸ਼ਨ ਸ਼ਾਮਲ ਹਨ।

ROV ਦੀ ਵੋਟ ਕੇਂਦਰਾਂ ਲਈ ਆਦਰਸ਼ਕ ਟਿਕਾਣੇ ਨਿਰਧਾਰਿਤ ਕਰਨ ਵਿੱਚ ਮਦਦ ਕਰਨ ਲਈ, ਸਾਇਟਿੰਗ ਟੂਲ ਬਣਾਇਆ ਗਿਆ ਸੀ, ਜਿਸ ਨੂੰ "DOTS" ਕਿਹਾ ਜਾਂਦਾ ਹੈ। ਇਹ ਮਾਡਲ ਕਾਉਂਟੀ ਨੰ 0.5-ਮੀਲ ਦੇ ਗ੍ਰਿਡਾਂ ਵਿੱਚ ਵੰਡਦਾ ਹੈ। ਹਰੇਕ ਗ੍ਰਿਡ ਨੂੰ ਉੱਪਰ ਸੂਚੀਬੱਧ ਕੀਤੇ ਹਰ ਮਾਪਦੰਡ ਲਈ ਇੱਕ ਤੋਂ ਲੈ ਕੇ ਪੰਜ ਤੱਕ ਦੇ ਸਕੋਰ ਨਾਲ ਰੇਟ ਕੀਤਾ ਜਾਂਦਾ ਹੈ। ਅੰਤ ਵਿੱਚ ਕੁੱਲ ਸਕੋਰ ਪ੍ਰਾਪਤ ਕਰਨ ਲਈ ਹਰੇਕ ਵਿਅਕਤੀਗਤ ਸਕੋਰ ਨੂੰ ਆਪਸ ਵਿਚ ਜੋੜਿਆ ਜਾਂਦਾ ਹੈ। ਸੰਭਾਵੀ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਨੂੰ ਇਸ ਸਕੋਰ ਨਕਸ਼ੇ ਦੇ ਉੱਪਰ ਰੱਖਿਆ ਜਾਂਦਾ ਹੈ। ਜਿਹੜੇ ਟਿਕਾਣੇ ਉੱਚ ਸਕੋਰ ਕਰਨ ਵਾਲੇ ਗ੍ਰਿਡਾਂ ਦੇ ਵਿੱਚ, ਜਾਂ ਨੇੜੇ ਪਾਏ ਗਏ, ਉਨ੍ਹਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਕਿਉਂਕਿ ਉਨ੍ਹਾਂ ਦਾ ਜ਼ਿਆਦਾ ਮਾਪਦੰਡਾਂ ਨਾਲ ਮਿਲਾਨ ਹੁੰਦਾ ਹੈ।

ਇਸ ਕਾਰਵਾਈ ਵਿੱਚ ਜਨਤਾ ਵੱਲੋਂ ਦਿੱਤੇ ਗਏ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ROV ਇਤਿਹਾਸਕ ਤੌਰ 'ਤੇ ਘੱਟ ਵੋਟਰ ਰਜਿਸਟਰੇਸ਼ਨ ਅਤੇ ਡਾਕ ਰਾਹੀਂ ਵੋਟ ਦੀ ਘਿੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਤੋਂ ਨੇੜਤਾ ਨੂੰ ਮਹਤੱਵ ਦਿੰਦਾ ਹੈ, ਕਿਉਂਕਿ ਇਹ ਸ਼ਰਤਬੰਦ ਵੋਟਰ ਰਜਿਸਸਟਰੇਸ਼ਨ ਅਤੇ ਵਿਅਕਤੀਗਤ ਤੌਰ 'ਤੇ ਵੋਟਿੰਗ ਵੋਟ ਕੇਂਦਰ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਸਭ ਤੋਂ ਜ਼ਿਆਦਾ ਫਾਇਦਾ ਚੁੱਕ ਸਕਦੇ ਹਨ। ਸਾਈਟ ਨਿਰਧਾਰਿਤ ਕਰਨ ਵਿੱਚ ਮਦਦ ਕਰਨ ਵਾਲੇ ਟੂਲ ਦਾ ਵਿਕਾਸ ਕਰਨ ਦੀ ਪ੍ਰਕਿਰਿਆ ਵਿੱਚ ਜਨਤਾ ਅਤੇ ROV ਸਟਾਫ਼ ਵੱਲੋਂ ਚੁਣੇ ਗਏ ਮਾਪਦੰਡਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਉਪਲਬਧਤਾ, ਕੀਮਤ, ਆਕਾਰ, ਕਮਰੇ ਦੀ ਬਣਾਵਟ, ਅਤੇ ਪਾਰਕਿੰਗ ਤੱਕ ਪਹੁੰਚ ਵਰਗੇ ਹੋਰ ਮਾਪਦੰਡਾਂ ਦਾ ਮਾਮਲੇ-ਦਰ-ਮਾਮਲੇ ਦੇ ਹਿਸਾਬ ਨਾਲ ਮੁਲਾਂਕਣ ਕੀਤਾ ਜਾਂਦਾ ਹੈ। ਜਨਤਾ ਵੋਟ ਕੇਂਦਰ ਦੇ ਟਿਕਾਣਿਆਂ ਲਈ ROV ਨੂੰ voterschoice@rov.sccgov.org 'ਤੇ ਜਾਂ (408) 299-POLL (7655) 'ਤੇ ਕਾਲ ਕਰਕੇ ਸੁਝਾਅ ਦੇ ਸਕਦੀ ਹੈ।

ROV ਨੇ ਉੱਚ ਆਬਾਦੀ ਦੀ ਘਣਤਾ ਵਾਲੇ ਖੇਤਰਾਂ, ਇਤਿਹਾਸਕ ਤੌਰ 'ਤੇ ਘੱਟ ਮਤਦਾਨ ਕਰਨ ਵਾਲੇ ਖੇਤਰਾਂ ਅਤੇ ਵੰਚਿਤ ਰਹੇ ਭਾਈਚਾਰਿਆਂ ਵਾਲੇ ਖੇਤਰਾਂ ਵਿੱਚ ਢੁਕਵੀਂ ਕਵਰੇਜ ਨੂੰ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਵੋਟ ਕੇਂਦਰ ਦੀਆਂ ਸੀਮਾਵਾਂ ਨੂੰ ਸਥਾਪਤ ਕੀਤਾ ਗਿਆ, ਤਾਂ ਕਿ ਵੋਟ ਕੇਂਦਰ ਦੀ ਦੂਰੀ ਅਤੇ ਉਸ ਤੱਕ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਨੂੰ ਸੀਮਾਬੱਧ ਕੀਤਾ ਜਾ ਸਕੇ। ਮੋਬਾਇਲ ਵੋਟ ਕੇਂਦਰਾਂ ਦੀ ਜਗ੍ਹਾ, ROV ਦੀ ਘੱਟ ਤੋਂ ਘੱਟ ਲੋੜ ਤੋਂ ਜ਼ਿਆਦਾ ਵਾਧੂ ਵੋਟ ਕੇਂਦਰ ਸਥਾਪਤ ਕਰਨ ਦੀ ਅਤੇ ਇਨ੍ਹਾਂ ਖੇਤਰਾਂ ਵਿੱਚ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਬਣਾਈ ਰੱਖਣ ਦੀ ਯੋਜਨਾ ਹੈ ਤਾਂਕਿ ਸਥਾਨਕ ਭਾਈਚਾਰੇ ਦੀ ਬਿਹਤਰ ਸੇਵਾ ਕੀਤੀ ਜਾ ਸਕੇ।

## ਚੋਣ ਅਧਿਕਾਰੀਆਂ ਦਾ ਗਠਨ

ROV ਵੱਲੋਂ ਵੋਟ ਕੇਂਦਰਾਂ ਵਿੱਚ ਸਟਾਫ਼ ਨਿਯੁਕਤ ਕਰਨ ਲਈ ਚੋਣ ਅਧਿਕਾਰੀਆਂ (ਚੋਣ ਕੋਡ ਅਨੁਸਾਰ ਚੋਣ ਬੋਰਡ ਕਿਹਾ ਜਾਂਦਾ ਹੈ'[16]) ਦੀ ਭਰਤੀ ਕੀਤੀ ਜਾਂਦੀ ਹੈ। ਚੋਣ ਅਧਿਕਾਰੀ ਜਿੰਨਾ ਹੋ ਸਕੇ ਓਨੇ ਜ਼ਿਆਦਾ ਬਹੁਭਾਂਤੀ ਭਾਈਚਾਰਿਆਂ ਤੋਂ ਹੁੰਦੇ ਹਨ, ਤਾਂ ਕਿ ਵੋਟਰਾਂ ਦੀ ਪ੍ਰਕਿਰਿਆ ਕਰਨ ਵਿੱਚ ਮਦਦ ਕਰਨ ਵਾਸਤੇ ਲੋੜ ਪੈਣ ਵਾਲੇ ਹੁਨਰਾਂ ਨੂੰ ਜਿੰਨਾ ਹੋ ਸਕੇ ਵਧਾਇਆ ਜਾ ਸਕੇ[17]। ਵੋਟ ਕੇਂਦਰ ਦੇ ਸਟਾਫ਼ ਦੀ ਗਾਹਕ ਸੇਵਾ, ਦੋਭਾਸ਼ੀਆ ਯੋਗਤਾ, ਵਿਭਿੰਨਤਾ ਅਤੇ ਸ਼ਮੂਲੀਅਤ ਲਈ ਸੰਵੇਦਨਸ਼ੀਲਤਾ, ਲੀਡਰਸ਼ਿਪ ਕੁਆਵਲਟੀ, ਤਕਨੀਕੀ ਯੋਗਤਾ, ਅਤੇ ਭਾਈਚਾਰੇ ਦੀ ਭਾਗੀਦਾਰੀ ਸੰਬੰਧੀ ਨਾਗਰਿਕ ਫਰਜ਼ ਵਿੱਚ ਦਿਲਚਸਪੀ ਲਈ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਨਵੀਂ ਵੋਟ ਕੇਂਦਰ ਤਕਨਾਲੋਜੀ, ਵੋਟਰਾਂ ਦੀ ਕਾਰਵਾਈ ਕਿਵੇਂ ਕਰਨੀ ਹੈ, ਅਤੇ ਭੀੜ ਨਿਯੰਤਰਨ ਪ੍ਰਬੰਧਨ ਸੰਬੰਧੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਵਧੀਕ ਗਾਹਕ ਸੇਵਾ ਸਿਖਲਾਈ ਵਿਸ਼ਿਆਂ ਵਿੱਚ ਬਜੁਰਗਾਂ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਪਹੁੰਚਯੋਗਤਾ, ਸ਼ਮੂਲੀਅਤ ਅਤੇ ਸਹੀ ਢੰਗ ਨਾਲ ਸੰਚਾਰ ਸ਼ਾਮਲ ਹੁੰਦੇ ਹਨ। ROV ਵੱਲੋਂ ਸਭ ਤੋਂ ਵਧੀਆ ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਯੋਗਤਾ ਅਤੇ ਸਮੁਦਾਇ ਦੀਆਂ ਲੋੜਾਂ ਮੁਤਾਬਕ ਕੀਤੀ ਜਾਂਦੀ ਹੈ।

ਚੋਣ ਅਧਿਕਾਰੀਆਂ ਦੇ ਗਠਨ ਵਿੱਚ ਵਾਧੂ ਮਦਦ ਕਰਨ ਵਾਲੇ ਕਾਉਂਟੀ ਦੇ ਕਰਮਚਾਰੀ ਅਤੇ ਵਜ਼ੀਫ਼ਾ ਲੈਣ ਵਾਲੇ ਵਲੰਟੀਅਰ ਸ਼ਾਮਲ ਹੁੰਦੇ ਹਨ। ਲੀਡ ਅਤੇ ਕਲੱਰਕਾਂ ਦੀ ਭਰਤੀ ਘੰਟਾਵਾਰ ਕਾਉਂਟੀ ਕਰਮੀਆਂ ਦੇ ਤੌਰ 'ਤੇ ਕੀਤੀ ਜਾਂਦੀ ਹੈ ਅਤੇ ਸਵਾਗਤ ਕਰਨ ਵਾਲੇ ਕਰਮੀ ਜ਼ਿਆਦਾਤਰ ਵਜ਼ੀਫ਼ਾ ਲੈਣ ਵਾਲੇ ਕਰਮੀ ਹੁੰਦੇ ਹਨ। ਵੋਟ ਕੇਂਦਰ ਦੇ ਸਾਰੇ ਸਟਾਫ਼ ਨੂੰ ਉਨ੍ਹਾਂ ਦੀ ਭੂਮਿਕਾ ਦੇ ਅਨੁਸਾਰ ਸਿਖਲਾਈ ਦਿੱਤੀ ਜਾਂਦੀ

[16] ਚੋਣ ਕੋਡ §4005

[17] ਚੋਣ ਕੋਡ, ਭਾਗ 12, ਅਕਧਆਏ 4 ਦੀ ਧਾਰਾ 1

ਹੈ ਅਤੇ ਉਹ, ਜੇਕਰ ਸਾਰੇ ਚੋਣ ਵਲੋ ਦਿਨਾਂ ਲਈ ਨਹੀ, ਤਾਂ ਇੱਕ ਦਿਨ (ਵੀ 'ਤੇ ਕੰਮ ਕਰਨ ਵਾਲੇ ਕਰਮਚਾਰੀ) ਤੋਂ ਲੈ ਕੇ ਕਈ ਤੱਕ ਕੰਮ ਕਰਨਗੇ।

ਵੋਟ ਕੇਂਦਰ ਵਿਚਲੇ ਸਟਾਫ਼ ਦੀ ਭਰਤੀ ਉਸ ਕੇਂਦਰ ਦੇ ਆਕਾਰ ਅਤੇ ਚੋਣ ਵਾਲੇ ਦਿਨ ਤੋਂ ਨੇੜਤਾ ਦੇ ਅਨੁਸਾਰ ਕੀਤੀ ਜਾਂਦੀ ਹੈ। ਯੋਜਨਾ ਇਹ ਹੈ ਕਿ ਹਰੇਕ ਵੋਟ ਕੇਂਦਰ ਲਈ ਛੇ (6) ਤੋਂ ਪੰਦਰਾਂ (15) ਤੱਕ ਚੋਣ ਅਧਿਕਾਰੀ ਭਰਤੀ ਕੀਤੇ ਜਾਣਗੇ। ਵੱਡੇ ਵੋਟ ਕੇਂਦਰਾਂ ਲਈ ਅਤੇ ਚੋਣਾਂ ਵਾਲੇ ਦਿਨ ਦੇ ਨਜਦੀਕ ਆਉਣ 'ਤੇ ਜ਼ਿਆਦਾ ਭੀੜ ਵਾਲੇ ਸਮੇਂ ਅਤੇ ਦਿਨਾਂ ਲਈ ਜ਼ਿਆਦਾ ਸਟਾਫ਼ ਨਿਯੁਕਤ ਕੀਤਾ ਜਾਵੇਗਾ। ਕਾਉਂਟੀ ਦੀਆਂ ਭਾਸ਼ਾਵਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਦੋਭਾਸ਼ੀ ਚੋਣ ਅਫਸਰਾਂ ਦੀ ਭਰਤੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਇਲੈਕਟ੍ਰਾਨਿਕ ਪੋਲਬੁੱਕ (ਈ-ਪੋਲਬੁੱਕ)

VCA ਦੇ ਤਹਿਤ ਹੋਣ ਵਾਲੀਆਂ ਤਬਦੀਲੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ, ਵੋਟ ਕੇਂਦਰਾਂ ਨੂੰ ਈ-ਪੋਲਬੁੱਕਾਂ ਨਾਲ ਅੱਪਡੇਟ ਕੀਤਾ ਜਾਂਦਾ ਹੈ।[18] ਇੱਕ ਈ-ਪੋਲਬੁੱਕ ਇਲੈਕਟ੍ਰਾਨਿਕ ਹਾਰਡਵੇਅਰ ਅਤੇ ਸਾਫਟਵੇਅਰ ਦਾ ਸੁਮੇਲ ਹੁੰਦੀ ਹੈ, ਜਿਸਦੀ ਵਰਤੋਂ ਵੋਟ ਕੇਂਦਰਾਂ ਅਤੇ ROV ਦੀ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) ਵਿਚਕਾਰ ਸੁਰੱਖਿਅਤ ਇਲੈਕਟ੍ਰਾਨਿਕ ਸੰਚਾਰ ਨੂੰ ਸੁਨਿਸ਼ਚਿਤ ਕਰਨ ਲਈ ਕੀਤੀ ਜਾਂਦੀ ਹੈ। ROV EIMS ਵੱਲੋਂ ਫਿਰ ਇਸ ਜਾਣਕਾਰੀ ਦਾ ਸੰਚਾਰ VoteCal ਦੇ ਜਰੀਏ ਸੈਕ੍ਰੇਟਰੀ ਔਫ ਸਟੇਟ ਦੇ ਦਫ਼ਤਰ ਨੂੰ ਕੀਤਾ ਜਾਂਦਾ ਹੈ। VoteCal ਪੂਰੇ ਰਾਜ ਦੇ ਵੋਟਰਾਂ ਦੀ ਰਜਿਸਟਰੇਸ਼ਨ ਦਾ ਇੱਕ ਕੇਂਦਰੀ ਡਾਟਾਬੇਸ ਹੈ, ਜੋ ਕਾਉਂਟੀ ਦੇ ਚੋਣ ਪ੍ਰਬੰਧਨ ਸਿਸਟਮ ਅਤੇ ਰਾਜ ਦੇ ਹੋਰ ਸਿਸਟਮਾਂ ਨਾਲ, ਜਿਵੇਂ ਕਿ ਸੁਧਾਈ ਅਤੇ ਮੁੜ-ਵਸੇਬੇ ਦੇ ਵਿਭਾਗ, ਜਨਤਕ ਸਿਹਤ ਦੇ ਵਿਭਾਗ, ਅਤੇ ਮੋਟਰ ਵਾਹਨਾਂ ਦੇ ਵਿਭਾਗ, ਨਾਲ ਅੰਤਰਕਿਰਿਆ ਕਰਦਾ ਹੈ ਅਤੇ ਜਾਣਕਾਰੀ ਦਾ ਵਟਾਂਦਰਾ ਕਰਦਾ ਹੈ। ਇਹ ਨਵੀਂ VCA ਤਕਨਾਲੋਜੀ ਜਾਂ ਤਾਂ ਲੈਪਟਾਪ 'ਤੇ ਜਾਂ ਟੈਬਲੈੱਟ 'ਤੇ ਚੱਲਦੀ ਹੈ, ਪਰ ਇਸ ਨੂੰ *"ਹਾਰਡਨਡ"* ਕਰ ਦਿੱਤਾ ਜਾਂਦਾ ਹੈ; ਜਿਸਦਾ ਮਤਲਬ ਹੈ, ਕਿ ਡਿਵਾਈਸ 'ਤੇ <u>ਸਿਰਫ਼</u> ROV ਵੱਲੋਂ ਮਨਜ਼ੂਰਸ਼ੁਦਾ ਈ-ਪੋਲਬੁੱਕ ਸਾਫਟਵੇਅਰ ਹੀ ਚੱਲਦਾ ਹੈ।

ਈ-ਪੋਲਬੁੱਕਾਂ ਵਿੱਚ ਰਜਿਸਟਰਡ ਵੋਟਰਾਂ ਦੀ ਇੱਕ ਇਲੈਕਟ੍ਰਾਨਿਕ ਸੂਚੀ ਹੋਵੇਗੀ (ਰੋਸਟਰ ਕ੍ਰਮ-ਸੂਚੀ) ਜੋ ਕਿ ਸ਼ਾਇਦ ਵੋਟ ਕੇਂਦਰਾਂ ਵਿੱਚ ਭੇਜੀ ਜਾਵੇਗੀ ਅਤੇ ਉੱਥੇ ਵਰਤੀ ਜਾਵੇਗੀ। ਰੋਸਟਰ ਕ੍ਰਮ-ਸੂਚੀ ਉਨ੍ਹਾਂ ਸਾਰੇ ਰਜਿਸਟਰਡ ਵੋਟਰਾਂ ਦੀ ਇੱਕ ਅਧਿਕਾਰਿਕ ਸੂਚੀ ਹੈ, ਜੋ ਚੋਣਾਂ ਵਿੱਚ ਵੋਟ ਪਾਉਣ ਲਈ ਯੋਗ ਹਨ। ਇਸਨੂੰ ਮੁੱਖ ਤੌਰ 'ਤੇ ਬੈਲਟ ਪ੍ਰਾਪਤ ਕਰਨ ਵਾਸਤੇ ਵੋਟਰ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਤੇ ਇੱਕੋ ਵਿਅਕਤੀ ਨੂੰ ਦੋ ਵਾਰ ਵੋਟ ਪਾਉਣ ਤੋਂ ਰੋਕਣ ਲਈ ਲਗਭਗ ਅਸਲ ਸਮੇਂ ਵਿੱਚ ਵੋਟਰ ਇਤਿਹਾਸ ਨੂੰ ਕੈਪਚਰ ਕਰਨ ਲਈ ਵਰਤਿਆ ਜਾਂਦਾ ਹੈ।

ਈ-ਪੋਲਬੁੱਕਾਂ ਇੱਕ ਸੁਰੱਖਿਅਤ ਲਾਕ ਕੀਤੇ ਵਾਟਰਪਰੂਫ਼ ਡੱਬੇ ਵਿੱਚ ਰੱਖੀਆਂ ਜਾਂਦੀਆਂ ਹਨ ਅਤੇ ਫਿਰ ਇੱਕ ਸੁਰੱਖਿਅਤ ਤਾਲੇ ਅਤੇ ਕੁੰਜੀ ਵਾਲੇ ਇੱਕ ਦੂਜੇ ਸੁਰੱਖਿਅਤ ਲਾਕ ਕੀਤੇ ਪਿੰਜਰੇ ਵਿੱਚ ਰੱਖੀਆਂ ਜਾਂਦੀਆਂ ਹਨ ਅਤੇ ਜਿਸ ਨੂੰ ਰੋਜ਼ਾਨਾ ਸਟੋਰੇਜ ਲਈ ਕਿਸੇ ਕਰਮਚਾਰੀ ਦੀ ਜ਼ਿੰਮੇਵਾਰੀ ਲਗਾਈ ਜਾਂਦੀ ਹੈ। ਕੰਮਕਾਜੀ ਘੰਟਿਆਂ ਦੌਰਾਨ, ਇਨ੍ਹਾਂ ਯੂਨਿਟਾਂ ਵਿੱਚ ਸਟੋਰ ਕੀਤਾ ਡਾਟਾ ਨਿਰੰਤਰ ਤੌਰ 'ਤੇ ਅੱਪਡੇਟ ਹੁੰਦਾ ਰਹਿੰਦਾ ਹੈ। ਈ-ਪੋਲਬੁੱਕਾਂ ਨੂੰ ਵਰਤੋਂਕਾਰ ਪਹੁੰਚ ਨਾਲ ਪ੍ਰੋਗਰਾਮ ਕੀਤਾ ਹੁੰਦਾ ਹੈ ਜਿਸਦੇ ਤਹਿਤ ਸਿਰਫ਼ ਅਧਿਕਾਰਿਕ ਵਰਤੋਂਕਾਰ ਹੀ ਸੁਰੱਖਿਅਤ ਕਲਾਉਡ ਸਰਵਰ 'ਤੇ ਸੁਰੱਖਿਅਤ ਕਨੈਕਸ਼ਨ ਦੀ ਵਰਤੋਂ ਕਰਕੇ ਲੌਗ-ਇਨ ਕਰ ਸਕਦੇ ਹਨ। ਇਹ ਕਲਾਊਡ ਸਰਵਰ ਵੋਟਰ ਡਾਟਾ ਵਿੱਚ ਹੋਣ ਵਾਲੀਆਂ ਅੱਪਡੇਟਾਂ ਦੇ ਸੰਚਾਰ ਲਈ ਡਾਟਾਬੇਸ ਅਤੇ ROV ਦੀ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ ਨਾਲ ਕਨੈਕਸ਼ਨ ਨੂੰ ਕਾਇਮ ਰੱਖਦਾ ਹੈ। ਈ-ਪੋਲਬੁੱਕ ਵਿੱਚ ਵੋਟਰ ਡਾਟਾ ਦੀ ਸੁਰੱਖਿਆ ਸੰਬੰਧੀ ਹੋਰ ਜਾਣਕਾਰੀ **ਭਾਗ 2: ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ** ਦੇ **ਵੋਟਿੰਗ ਸੁਰੱਖਿਆ** ਸੈਕਸ਼ਨ ਵਿੱਚ ਲੱਭੀ ਜਾ ਸਕਦੀ ਹੈ।

ਈ-ਪੋਲਬੁੱਕਾਂ ਦੀ ਵਰਤੋਂ ਵੋਟਰ ਰਜਿਸਟਰੇਸ਼ਨ ਡਾਟਾ ਦੀ ਪੁਸ਼ਟੀ ਕਰਨ ਲਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਨਾਮ, ਪਤਾ, ਜਨਮ ਦੀ ਤਾਰੀਖ਼, ਤਰਜੀਹੀ ਭਾਸ਼ਾ, ਪਾਰਟੀ ਸੰਬੰਧੀ ਤਰਜੀਹ, ਪ੍ਰਿਸਿੰਕਟ, ਅਤੇ ਡਾਕ ਰਾਹੀਂ ਵੋਟ ਸਥਿਤੀ ਸ਼ਾਮਲ ਹੈ। ਇਸ ਤੋਂ ਇਲਾਵਾ, ਈ-ਪੋਲਬੁੱਕਾਂ ਵਿੱਚ ਅੱਗੇ ਦਿੱਤੀ ਵੋਟਰ ਜਾਣਕਾਰੀ <u>ਕਦੇ ਵੀ ਸਟੋਰ ਨਹੀਂ</u> ਕੀਤੀ ਜਾਂਦੀ: ਡਰਾਈਵਰ ਲਾਇਸੰਸ ਨੰਬਰ, ਜਾਂ ਸੋਸ਼ਲ ਸਿਕਿਉਰਟੀ ਨੰਬਰ ਦਾ ਕੋਈ ਹਵਾਲਾ। ਈ-ਪੋਲਬੁੱਕ ਲਗਭਗ ਅਸਲ-ਸਮੇਂ ਵਿੱਚ ਖੋਜ ਅਤੇ ਵੋਟਰ ਸਥਿਤੀ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ; ਜੋ ਆਵਸ਼ਕ ਰੂਪ ਨਾਲ, ਵੋਟਰਾਂ ਅਤੇ ROV ਦੇ ਚੋਣ ਅਧਿਕਾਰੀਆਂ ਲਈ ਵੋਟਿੰਗ ਅਨੁਭਵ ਬਿਹਤਰ ਬਣਾਉਣ ਵਿੱਚ ਸਹਾਈ ਹੁੰਦਾ ਹੈ।

## <u>ਪਹੁੰਚ</u>

## ਜਨਤਕ ਸਲਾਹ-ਮਸ਼ਵਰੇ

[18] ਚੋਣ ਕੋਡ §2183

ਕੈਲੀਫੋਰਨੀਆ ਦੇ ਚੋਣ ਕੋਡ ਦੇ ਅਨੁਸਾਰ, ROV ਚੋਣ ਪ੍ਰਸ਼ਾਸ਼ਨ ਯੋਜਨਾ ਪ੍ਰਕਿਰਿਆ ਵਿੱਚ ਸ਼ਮੂਲੀਅਤ ਵਾਲੀ ਭਾਗੀਦਾਰੀ ਦੀ ਕੋਸ਼ਿਸ਼ ਵਿੱਚ EAP ਬਾਰੇ ਹਰ ਅਪਡੇਟ ਲਈ ਜਨਤਾ ਤੋਂ ਨਿਰੰਤਰ ਇਨਪੁਟ ਮੰਗੇਗਾ। ਚੋਣ ਕੋਡ ਦੇ ਅਨੁਸਾਰ, ਹਰੇਕ ਚਾਰ ਸਾਲ, EAP ਵਿੱਚ ਸੰਸ਼ੋਧਨ 'ਤੇ ਵਿਚਾਰ-ਵਟਾਂਦਾਰਾ ਕਰਨ ਲਈ ROV ਜਨਤਕ ਮੀਟਿੰਗਾਂ ਦਾ ਆਯੋਜਨ ਕਰੇਗਾ।

EAP ਮੀਟਿੰਗਾਂ ਵਿੱਚ, ਲਕਸ਼ਿਤ ਵਿਸ਼ੇ ਹਨ:

- ਸੰਭਾਵੀ ਵੋਟ ਕੇਂਦਰ ਟਿਕਾਣੇ
- ਸੰਭਾਵੀ ਬੈਲਟ ਡ੍ਰੌਪ-ਔਫ ਟਿਕਾਣੇ
- ਵੱਖ-ਵੱਖ ਭਾਸ਼ਾ ਪਹੁੰਚਯੋਗਤਾ ਲੋੜਾਂ
- ਵੱਖ-ਵੱਖ ਵੋਟਰ ਪਹੁੰਚਯੋਗਤਾ ਲੋੜਾਂ
- ਮੀਡੀਆ ਅਤੇ ਸਮਾਗਮਾਂ ਰਾਹੀਂ ਭਾਈਚਾਰਕ ਪਹੁੰਚ ਲਈ ਸੁਝਾਅ

## ਜਨਤਕ ਨੋਟਿਸ

2 ਸਿੱਧੀਆਂ ਡਾਕਾਂ ਰਾਹੀਂ, ਜਨਤਾ ਨੂੰ ਇਹ ਸੂਚਨਾ ਦਿੱਤੀ ਜਾਵੇਗੀ ਕਿ ਸਾਰੇ ਵੋਟਰ ਇੱਕ ਡਾਕ ਰਾਹੀਂ ਵੋਟ ਬੈਲਟ ਪ੍ਰਾਪਤ ਕਰਨਗੇ। ਭੇਜੇ ਗਏ ਨੋਟਿਸ ਵੋਟਰਾਂ ਨੂੰ ਸੂਚਿਤ ਕਰਨਗੇ ਕਿ ਇੱਕ ਸਾਰੇ ਡਾਕ ਰਾਹੀਂ ਭੇਜੇ ਗਏ ਬੈਲਟ ਵਾਲੀ ਚੋਣ ਕਰਵਾਈ ਜਾਵੇਗੀ, ਅਤੇ ਵੋਟਰ ਆਪਣੇ ਬੈਲਟ ਦੇ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਨਾਲ ਕਾਸਟ ਕਰ ਸਕਦੇ ਹਨ: ਡਾਕ ਰਾਹੀਂ (ਡਾਕ-ਟਿਕਟ ਅਦਾ ਕੀਤੀ ਹੋਈ ਹੈ), ਕਿਸੇ ਵੀ ਬੈਲਟ ਡ੍ਰੌਪ-ਔਫ ਟਿਕਾਣੇ 'ਤੇ, ਜਾਂ ਕਾਊਂਟੀ ਵਿੱਚ ਬਣੇ ਕਿਸੇ ਵੋਟ ਕੇਂਦਰ 'ਤੇ। ਨੋਟਿਸਾਂ ਵਿੱਚ ਇੱਕ ਲਿੰਕ ਵੀ ਸ਼ਾਮਲ ਹੋਵੇਗਾ, ਜਿੱਥੇ ਵੋਟਰ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ ਟਿਕਾਣਿਆਂ ਦੇ ਖੁੱਲ੍ਹਣ ਦੀਆਂ ਤਾਰੀਖਾਂ, ਟਿਕਾਣੇ, ਅਤੇ ਉਨ੍ਹਾਂ ਦੇ ਕੰਮਕਾਜੀ ਘੰਟਿਆਂ ਸੰਬੰਧੀ ਜਾਣਕਾਰੀ ਦੇਖ ਸਕਦੇ ਹਨ, ਅਤੇ ਨਾਲ ਹੀ ਇੱਕ ਪਹੁੰਚਯੋਗ ਫਾਰਮੈਟ ਜਾਂ ਅੰਗਰੇਜ਼ੀ ਤੋਂ ਇਲਾਵਾ ਬਾਕੀ ਦੀਆਂ ਪੇਸ਼ ਕੀਤੀਆਂ ਅੱਠ ਭਾਸ਼ਾਵਾਂ ਵਿੱਚੋਂ ਕਿਸੇ ਇੱਕ  ਵਿੱਚ ਡਾਕ ਰਾਹੀਂ ਵੋਟ ਬੈਲਟ ਮੰਗਵਾਉਣ ਦੀ ਬੇਨਤੀ ਕਰਨ ਦੀ ਆਖਰੀ ਤਾਰੀਖ਼ ਬਾਰੇ ਪਤਾ ਵੀ ਕਰ ਸਕਦੇ ਹਨ। ਪ੍ਰਤੱਖ ਮੇਲ ਵਿੱਚ ਮੁਹੱਈਆ ਕੀਤੀ ਗਈ ਵਧੀਕ ਜਾਣਕਾਰੀ ਵਿੱਚ ਸ਼ਾਮਲ ਹਨ: ਮਹੱਤਵਪੂਰਨ ਵੋਟ ਕੇਂਦਰ ਦੀ ਜਾਣਕਾਰੀ ਅਤੇ ਕਾਊਂਟੀ ਅਤੇ ਰਾਜ ਵੋਟਰ ਜਾਣਕਾਰੀ ਗਾਈਡ ਦੇ ਵੇਰਵੇ। ਨੋਟਿਸਾਂ ਵਿੱਚ ਵੋਟਰਾਂ ਲਈ ROV ਦੀ ਵੈੱਬਸਾਈਟ ਦਾ ਇੱਕ ਲਿੰਕ, ਫ਼ੋਨ ਨੰਬਰ ਪ੍ਰਦਾਨ ਕੀਤਾ ਜਾਂਦਾ ਹੈ, ਅਤੇ ਉਹ ਸਹਾਇਤਾ ਲਈ ਬੇਨਤੀ ਕਰਨ ਵਾਸਤੇ ਟੋਲ-ਫ਼ਰੀ ਹੌਲਾਈਨ (866) 430-VOTE 'ਤੇ ਕਾਲ ਕਰ ਸਕਦੇ ਹਨ।

ਪਹਿਲਾ ਸਿੱਧਾ ਮੇਲ ਚੋਣਾਂ ਤੋਂ ਲਗਭਗ 90 ਦਿਨ ਪਹਿਲਾਂ ਭੇਜ ਦਿੱਤਾ ਜਾਵੇਗਾ, ਜਿਸ ਤੋਂ ਬਾਅਦ ਅੱਗਲਾ ਸੈੱਟ ਚੋਣਾਂ ਤੋਂ ਲਗਭਗ 29 ਦਿਨ ਪਹਿਲਾਂ ਭੇਜਿਆ ਜਾਵੇਗਾ। VCA ਨਾਲ ਸੰਬੰਧਿਤ ਸਾਰੇ ਨੋਟਿਸ ਅਤੇ ਹਰੇਕ ਜਾਣਕਾਰੀ ROV ਦੀ ਵੈੱਬਸਾਈਟ 'ਤੇ ਇੱਕ ਪਹੁੰਚਯੇਗ ਫਾਰਮੈਟ ਵਿੱਚ ਪੋਸਟ ਕਰ ਦਿੱਤੀ ਜਾਵੇਗੀ।

## ਭਾਸ਼ਾ ਪਹੁੰਚਯੋਗਤਾ ਅਤੇ ਵੋਟਿੰਗ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀਆਂ

Santa Clara ਕਾਊਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਨੇ ਦੋ ਸਲਾਹਕਾਰ ਕਮੇਟੀਆਂ ਦੀ ਸਥਾਪਨਾ ਅੰਦਰੂਨੀ ਪ੍ਰਕਿਰਿਆ ਵਿਕਾਸ, ਹਿੱਸੇਦਾਰਾਂ ਅਤੇ ਜਨਤਕ ਇਨਪੁੱਟ ਅਤੇ ਪਹਿਲਾਂ ਤੋਂ ਵੋਟਰ ਪਸੰਦ ਅਧਿਨਿਯਮ (VCA) ਨੂੰ ਅਪਣਾ ਚੁੱਕੀਆਂ ਕਾਊਂਟੀਆਂ ਦੀ ਫੀਡਬੈਕ ਦੁਆਰਾ ਇੱਕ ਤਾਲਮੇਲ ਵਾਲੀ ਪ੍ਰਕਿਰਿਆ ਰਾਹੀਂ ਕੀਤੀ। ਪਹਿਲੀ ਕਮੇਟੀ ਹੈ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਜੋ ਅਲਪਸੰਖਿਅਕ ਭਾਸ਼ਾ ਵਾਲੇ ਭਾਈਚਾਰਿਆਂ ਨੂੰ ਉਨ੍ਹਾਂ ਤਰੀਕਿਆਂ ਬਾਰੇ ਆਪਣੇ ਵਿਚਾਰ ਦੇਣ ਲਈ ਕਹੇਗੀ, ਜਿਸ ਨਾਲ ਵੋਟ ਕੇਂਦਰ ਮਾਡਲ ਉਨ੍ਹਾਂ ਵੋਟਰਾਂ ਦਾ ਬਿਹਤਰ ਤਰੀਕੇ ਨਾਲ ਸਮਰਥਨ ਕਰ ਸਕੇ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ। ਦੂਜੀ ਕਮੇਟੀ ਹੈ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਜੋ ਉਨ੍ਹਾਂ ਵੋਟਰਾਂ ਤੋਂ ਵਿਚਾਰ ਮੰਗੇਗੀ ਜਿਨ੍ਹਾਂ ਨੂੰ ਪਹੁੰਚਯੋਗਤਾ ਸਮੱਸਿਆਵਾਂ ਨੂੰ ਹੱਲ ਕਰਨਾ ਸੁਨਿਸ਼ਚਿਤ ਕੀਤਾ ਜਾ ਸਕੇ। ਇਨ੍ਹਾਂ ਕਮੇਟੀਆਂ ਦੀ ਸਦੱਸਤਾ ਨੈੱਟਵਰਕਿੰਗ ਰਾਹੀਂ ਅਤੇ ਵੱਖ-ਵੱਖ ਇਕਰਾਰਨਾਮਿਆਂ ਦੇ ਸਹਿਯੋਗ ਰਾਹੀਂ ਵਧਾਈ ਜਾਂਦੀ ਹੈ, ਜਿਵੇਂ ਕਿ ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਸਮੁਦਾਇ ਆਧਾਰਿਤ ਸੰਸਥਾਵਾਂ ਤੋਂ ਲੈ ਕੇ Santa Clara ਕਾਊਂਟੀ ਵਿਚਲੀਆਂ ਨਗਰਪਾਲਿਕਾਵਾਂ ਤੱਕ। LAAC ਅਤੇ VAAC ਦੀ ਸਾਰੀਆਂ ਮੀਟਿੰਗਾਂ ਦੀ ਸੂਚੀ, ਉਨ੍ਹਾਂ ਦੇ ਏਜੰਡੇ ਅਤੇ ਮਿਨਟਾਂ ਦੇ ਨਾਲ, ROV ਦੀ ਵੈੱਬਸਾਈਟ, www.sccvote.org/voterschoice 'ਤੇ ਪੋਸਟ ਕੀਤੀ ਅਤੇ ਬਣਾਈ ਰੱਖੀ ਜਾਵੇਗੀ।

# ਭਾਗ 2 - ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

ਵੋਟਰ ਪਸੰਦ ਅਧਿਨਿਯਮ (VCA) ਵੱਲੋਂ VCA ਲਾਗੂ ਕਰ ਰਹੀ ਹਰੇਕ ਕਾਉਂਟੀ ਲਈ ਇੱਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਨੂੰ ਲਾਗੂ ਕਰਨਾ ਲਾਜ਼ਮੀ ਕੀਤਾ ਜਾਂਦਾ ਹੈ, ਜਿਸ ਰਾਹੀਂ ਵੋਟਰਾਂ ਨੂੰ VCA ਦੀਆਂ ਵਿਵਸਥਾਵਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਹੋਰ ਵਿਸ਼ੇਸ਼ ਤੌਰ 'ਤੇ, ਇਹ ਕਨੂੰਨ ਉਨ੍ਹਾਂ ਵੋਟਰਾਂ ਨੂੰ ਸੇਧਿਤ ਕਰਕੇ ਪਹੁੰਚ ਕਰਨਾ ਲਾਜ਼ਮੀ ਬਣਾਉਂਦਾ ਹੈ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ, ਅਤੇ ਨਾਲ ਹੀ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸੇਧਿਤ ਕੀਤਾ ਜਾਂਦਾ ਹੈ, ਤਾਂ ਜੋ ਭਾਈਚਾਰਿਆਂ ਨੂੰ ਉਪਲਬਧ ਸੇਵਾਵਾਂ ਬਾਰੇ ਸਿੱਖਿਅਤ ਕੀਤਾ ਜਾ ਸਕੇ।

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਕੋਲ ਪਹਿਲਾਂ ਤੋਂ ਇੱਕ ਪਹੁੰਚ ਟੀਮ ਅਤੇ ਪ੍ਰੋਗਰਾਮ ਮੌਜੂਦ ਹੈ, ਅਤੇ ਉਨ੍ਹਾਂ ਵੱਲੋਂ ਭਾਈਚਾਰੇ ਵਿੱਚ ਆਪਣੀ ਹੋਂਦ ਕਾਇਮਰੱਖਣ ਲਈ ਅਤੇ ਨਾਲ ਹੀ ਵੋਟਰ ਰਜਿਸਟਰੇਸ਼ਨ ਸੇਵਾ ਅਤੇ ਆਮ ਵੋਟਰ ਸਿੱਖਿਆ ਪ੍ਰਦਾਨ ਕਰਨ ਲਈ ਅਕਸਰ ਪੂਰੇ ਸਾਲ ਦੌਰਾਨ ਬਹੁਤ ਸਾਰੇ ਸਮਾਰੋਹਾਂ ਵਿੱਚ ਹਾਜ਼ਰੀ ਭਰੀ ਜਾਂਦੀ ਹੈ। EAP ਦਾ ਵੋਟਰ ਸਿੱਖਿਆ ਅਤੇ ਪਹੁੰਚ ਸੈਕਸ਼ਨ ਇਸ ਗੱਲ ਦੀ ਰੂਪ ਰੇਖਾ ਪ੍ਰਦਾਨ ਕਰਦਾ ਹੈ ਕਿ ROV ਵੱਲੋਂ ਆਪਣੇ ਮੌਜੂਦਾ ਪਹੁੰਚ ਵਿਧੀਆਂ ਤੋਂ ਕਿਵੇਂ ਫਾਇਦਾ ਚੁੱਕ ਸਕਦਾ ਹੈ ਅਤੇ ਇਨ੍ਹਾਂ ਦਾ ਨਵੇਂ ਤਰੀਕਿਆਂ ਨਾਲ ਕਿਵੇਂ ਸੁਮੇਲ ਕੀਤਾ ਜਾ ਸਕਦਾ ਹੈ ਤਾਂ ਕਿ ਜਨਤਾ ਨੂੰ VCA ਬਾਰੇ ਸਿੱਖਿਅਤ ਕਰਨ ਲਈ ਭਾਈਚਾਰਿਆਂ ਤੱਕ ਪਹੁੰਚ ਕੀਤੀ ਜਾ ਸਕੇ। ਪਹੁੰਚ ਸੰਬੰਧੀ ਗਤੀਵਿਧੀਆਂ ਨੂੰ ਸਮੁਦਾਇ ਭਾਈਵਾਲੀਆਂ ਨੂੰ ਵਧਾਉਣ, ਜਨਤਕ ਸ਼ਮੂਲੀਅਤ ਦੇ ਮੌਕਿਆਂ ਦਾ ਵਿਸਤਾਰ ਕਰਨ, ਅਤੇ ਵੋਟ ਕੇਂਦਰ ਮਾਡਲ ਨਾਲ ਵੋਟਰ ਅਨੁਭਵ ਵਿੱਚ ਸੁਧਾਰ ਕਰਨ ਦੇ ਟੀਚੇ ਨਾਲ ਤਿਆਰ ਕੀਤਾ ਜਾਵੇਗਾ।

## ਸੈਕਸ਼ਨ 1: ਵੋਟਰ ਸੰਪਰਕ - ਸਧਾਰਨ

ROV ਵੱਲੋਂ ਅਤੀਤ ਵਿੱਚ ਕਰਵਾਏ ਗਏ ਜਾਂ ਸ਼ਮੂਲੀਅਤ ਕੀਤੇ ਗਏ ਪਹੁੰਚ ਸੰਬੰਧੀ ਸਮਾਰੋਹਾਂ ਤੋਂ ਇਲਾਵਾ, ਹੋਰ ਵੀ ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮ ਚਲਾਉਣ ਦੀ ਯੋਜਨਾ ਬਣਾਈ ਗਈ ਹੈ ਤਾਂ ਕਿ ਜਿੰਨਾ ਜ਼ਿਆਦਾ ਹੋ ਸਕੇ ਕਾਉਂਟੀ ਦੇ ਜਨਅੰਕਣਾਂ ਨੂੰ ਕਵਰ ਕੀਤਾ ਜਾ ਸਕੇ। ਉਨ੍ਹਾਂ ਭਾਈਚਾਰਿਆਂ ਤੱਕ ਵੀ ਪਹੁੰਚ ਕਰਨ ਦੀ ਯੋਜਨਾ ਹੈ ਜੋ ਅਤੀਤ ਵਿੱਚ ਵੰਚਿਤ ਰਹੇ ਭਾਈਚਾਰੇ ਸਨ।

ROV ਵੱਲੋਂ ਜਿਨ੍ਹਾਂ ਭਾਈਚਾਰਿਆਂ ਤੱਕ ਪਹੁੰਚ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਉਨ੍ਹਾਂ ਵਿੱਚ ਸ਼ਾਮਲ ਹਨ ਬਜ਼ੁਰਗ ਭਾਈਚਾਰੇ, ਜਾਤੀ/ਭਾਸ਼ਾ ਸੰਬੰਧੀ ਭਾਈਚਾਰੇ, ਨੌਜਵਾਨ ਭਾਈਚਾਰੇ, ਵਿਦਿਆਰਥੀ ਭਾਈਚਾਰੇ, ਵੰਚਿਤ ਰਹੇ ਭਾਈਚਾਰੇ, ਅਤੇ ਇਲਾਕੇ ਦੇ ਸਮੂਹ। ROV ਵੱਲੋਂ 100 ਤੋਂ ਵੱਧ ਸਮੁਦਾਇ-ਆਧਾਰਿਤ ਸੰਸਥਾਵਾਂ (CBOs) ਨੂੰ ਵੀ ਸ਼ਾਮਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਤਾਂ ਕਿ ਉਨ੍ਹਾਂ ਦੁਆਰਾ ਆਪਣੇ ਭਾਈਚਾਰਿਆਂ ਵਾਸਤੇ ਕੀਤੇ ਜਾਣ ਵਾਲੇ ਕੰਮਾਂ ਬਾਰੇ ਜਾਣਿਆ ਜਾ ਸਕੇ ਅਤੇ ਇਹ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਵਿੱਚ ROV ਦੀ ਪਹੁੰਚ ਟੀਮ ਕਿਵੇਂ ਭਾਗ ਲੈ ਸਕਦੀ ਹੈ। ਇਸ ਸਭ ਦਾ ਮਕਸਦ ਇਹ ਹੈ ਕਿ ਵੋਟਰ ਸਿੱਖਿਆ ਪ੍ਰੋਗਰਾਮ ਦੀ ਸਫਲਤਾ ਨੂੰ ਸੁਨਿਸ਼ਚਿਤ ਕਰਨ ਲਈ CBO ਅਤੇ ਸਾਰੇ ਭਾਈਚਾਰਿਆਂ ਨਾਲ ਮਿਲ ਕੇ ਕੰਮ ਕੀਤਾ ਜਾ ਸਕੇ।

### ਮੀਡੀਆ ਦੀ ਵਰਤੋਂ

ROV ਵੱਲੋਂ ਇੱਕ ਟੀਚਾਬੱਧ ਮੀਡੀਆ ਮੁਹਿੰਮ ਚਲਾ ਕੇ ਵੋਟ ਕੇਂਦਰ ਮਾਡਲ, ਡਾਕ ਰਾਹੀਂ ਵੋਟ ਪ੍ਰਕਿਰਿਆ, ਜਲਦੀ ਵੋਟ ਪਾਉਣ ਦੇ ਵਿਕਲਪ, ਅਤੇ ਵੋਟ ਕੇਂਦਰ ਵਿੱਚ ਕੰਮ ਕਰਨ ਦੇ ਮੌਕਿਆਂ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਮੀਡੀਆ ਅਦਾਰਿਆਂ ਲਈ ਮੌਕਿਆਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ;

1. ਸਥਾਨਕ ਟੈਲੀਵਿਜ਼ਨ ਅਤੇ ਭਾਈਚਾਰਕ ਕੇਬਲ ਸਟੇਸ਼ਨ
    a. Comcast
    b. Univision
    c. Telemundo
    d. Namaste TV
    e. Crossing TV
2. ਅਖਬਾਰ (ਖੇਤਰੀ ਅਤੇ ਸਮੁਦਾਇ ਵਿਸ਼ੇਸ਼)
    a. The Mercury News
    b. Metro
    c. Morgan Hill Times
    d. Gilroy Dispatch
    e. El Observador
    f. Epoch Times
    g. India West
    h. Korea Times

    I. Nichi Bei Weekly
    j. Philippine News
    k. San Jose State Spartan Daily
    l. Santa Clara University Newspaper
    m. Stanford Daily
    n. Viet Nam Daily
    o. World Journal
    p. N & R
    q. China Press
    r. JWeekly
    s. Spotlight
    t. Bayspo Magazine
    u. Daily Post
    v. India Current
3. ਰੇਡੀਓ
    a. KBAY/KEZR
    b. KFOX
    c. KRTY/KLIV
    d. Sound of Hope
    e. Sing Tao
    f. Univision
    g. Vien Thao
    h. Celina Rodriguez
    i. China Press
    j. Radio Zindagi
4. ROV ਅਤੇ ਕਾਉਂਟੀ ਲਈ ਸੋਸ਼ਲ ਮੀਡੀਆ ਅਤੇ ਵੈੱਬਸਾਈਟਾਂ ਦੀ ਵਰਤੋਂ
    a. ROV ਦਾ Facebook ਪੰਨਾ: https://www.facebook.com/sccvote
    b. ਕਾਉਂਟੀ ਦਾ Facebook ਪੰਨਾ: https://www.facebook.com/county.of.santa.clara
    c. ROV Twitter: https://twitter.com/sccvote
    d. ਕਾਉਂਟੀ Twitter: https://twitter.com/SCCgov
    e. ROV Instagram: www.instagram.com/sccvote
    f. Nextdoor ਐਪ, (ਸੰਚਾਰ ਅਤੇ ਮੀਡੀਆ Santa Clara ਕਾਉਂਟੀ ਲਈ ਖੋਜੋ)
    g. ਕਾਉਂਟੀ ਦੀ ਅਖਬਾਰਾਂ ਦੀ ਗਾਹਕੀ ਦੀਆਂ ਸੂਚੀਆਂ
5. ROV YouTube: https://www.youtube.com/sccvote
6. ਵੈਲੀ ਆਜਾਵਾਈ ਅਥਾਰਟੀ (Valley Transportation Authority) ਦੀਆ ਬੱਸਾਂ 'ਤੇ ਜਨਤਕ ਆਵਾਜਾਈ ਸੁਨੇਹਾ ਸੇਵਾ
7. ਪੂਰੀ ਕਾਉਂਟੀ ਵਿਚਲੇ ਸਮੂਹਾਂ, ਜਿਵੇਂ ਕਿ ਭਾਈਚਾਰਕ ਭਾਈਵਾਲ, ਅਸਮਰੱਥ ਵਿਅਕਤੀਆਂ ਦਾ ਸਮਰਥਨ ਕਰਨ ਵਾਲੀਆਂ ਸੰਸਥਾਵਾਂ, ਚੁਣੇ ਹੋਏ ਅਧਿਕਾਰੀ, ਖ਼ਾਸ ਡਿਸਟ੍ਰਿਕਟ , ਸਕੂਲ ਡਿਸਟ੍ਰਿਕਟ, ਸਮੁਦਾਇ-ਅਧਾਰਿਤ ਸੰਸਥਾਵਾਂ, , ਅਤੇ ਵਿਸ਼ਵਾਸ-ਅਧਾਰਿਤ ਸੰਸਥਾਵਾਂ, ਨਾਲ ਸਮਾਨ ਸਾਂਝਾ ਕਰਨਾ
8. ਜਨਤਕ ਸੇਵਾ ਘੋਸ਼ਣਾਵਾਂ (PSAs) ਦੀ ਵਰਤੋਂ ਉਪਲਬਧ ਮਾਧਿਅਮਾਂ ਤੇ ਵਿਗਿਆਪਨ ਮੁਹਿੰਮ ਨੂੰ ਸੰਪੂਰਨ ਕਰਨ ਅਤੇ ਉਸਨੂੰ ਅੱਗੇ ਵਧਾਉਣ ਲਈ ਕੀਤੀ ਜਾਵੇਗੀ। ਇਹ PSAs ਜਿਹੜੇ ਵਿਸ਼ੇ ਕਵਰ ਕਰਨਗੇ, ਉਹਨਾਂ ਵਿੱਚ ਸ਼ਾਮਲ ਹਨ VCA ਬਾਰੇ ਆਮ ਜਾਣਕਾਰੀ, VCA ਬਾਰੇ ਭਾਸ਼ਾ-ਵਿਸ਼ੇਸ਼ ਜਾਣਕਾਰੀ ਅਤੇ ਭਾਸ਼ਾ ਸੰਬੰਧੀ ਸਹਾਇਤਾ ਹੌਟਲਾਈਨ ਦਾ ਟੋਲ ਫ਼ਰੀ ਨੰਬਰ ਅਤੇ ਵੋਟ ਕੇਂਦਰਾਂ 'ਤੇ ਪਹੁੰਚਯੋਗਤਾ ਵਿਕਲਪ ਅਤੇ ਡਾਕ-ਰਾਹੀਂ ਵੋਟ ਰਾਹੀਂ ਰਿਮੋਟ ਪਹੁੰਚਯੋਗਤਾ।

ROV ਵੱਲੋਂ ਆਡੀਓ ਅਤੇ ਦ੍ਰਿਸ਼ਟੀਗਤ ਮੀਡੀਆ ਦੀ ਵਰਤੋਂ ਵੀ ਕੀਤੀ ਜਾਵੇਗੀ ਜੋ ਕਿ ਪਹੁੰਚਯੋਗ ਫਾਰਮੈਟਾਂ ਵਿੱਚ ਵਿਸਤਰਿਤ ਤੌਰ 'ਤੇ ਪ੍ਰਸਾਰਿਤ ਕੀਤਾ ਜਾਵੇਗਾ ਅਤੇ ਵੋਟਰਾਂ ਨੂੰ ਹਰੇਕ ਆਗਾਮੀ ਚੋਣਾਂ ਬਾਰੇ ਸੂਚਿਤ ਕਰੇਗਾ। ਇਹ ਸਭ ਕੁਝ ਕਰਨ ਦਾ ਉਦੇਸ਼ ਹੈ ਕਾਉਂਟੀ ਦੇ ਸਾਰੇ ਵੋਟਰਾਂ ਤੱਕ ਪਹੁੰਚਣਾ, ਜਿਸ ਵਿੱਚ ਅਸਮਰਥਤਾਵਾਂ ਵਾਲੇ ਵੋਟਰ ਵੀ ਸ਼ਾਮਲ ਹਨ, ਜਿਵੇਂ ਕਿ ਉਹ ਜੋ ਬੋਲੇ ਹਨ ਜਾਂ ਜੋ ਉੱਚਾ ਸੁਣਦੇ ਹਨ, ਅਤੇ ਉਹ ਵੋਟਰ ਜੋ ਨੇਤਰਹੀਣ ਹਨ ਜਾਂ ਜੋ ਦੇਖ ਨਹੀਂ ਸਕਦੇ।

### ਭਾਈਚਾਰੇ ਵਿੱਚ ਮੌਜੂਦਗੀ ਸੰਬੰਧੀ ਯੋਜਨਾ ਅਤੇ ਵੋਟਰ ਸਿੱਖਿਆ ਸਮੱਗਰੀ

ROV ਪੂਰੇ ਸਾਲ ਵਿੱਚ ਆਮ ਤੌਰ 'ਤੇ ਸੈਂਕੜਿਆਂ ਭਾਈਚਾਰਕ ਇਵੈਂਟਾਂ ਵਿੱਚ ਹਿੱਸਾ ਲੈਂਦਾ ਹੈ ਅਤੇ CBOs ਦੇ ਨਾਲ ਸਰਗਰਮੀ ਨਾਲ ਕੰਮ ਕਰਦਾ ਹੈ ਕਿ ਕਿਵੇਂ ਉਨ੍ਹਾਂ ਦੇ ਭਾਈਚਾਰਿਆਂ ਨੂੰ ਆਉਣ ਵਾਲੀਆਂ ਤਬਦੀਲੀਆਂ ਬਾਰੇ ਸਭ ਤੋਂ ਵਧੀਆ ਜਾਣਕਾਰੀ ਦਿੱਤੀ ਜਾਵੇ ਅਤੇ ਵੋਟਰਾਂ ਦੀ ਭਾਗੀਦਾਰੀ ਵਿੱਚ ਵਾਧਾ ਕੀਤਾ ਜਾ ਸਕੇ। ਵੋਟਰ ਸਿੱਖਿਆ ਦੀ ਸਹੂਲਤ ਪ੍ਰਦਾਨ ਕਰਨ ਲਈ ਸਿਖਲਾਈ ਸਮੱਗਰੀ ਅਤੇ ਸਟਾਫ਼ ਵੀ ਉਪਲਬਧ ਕਰਵਾਇਆ ਜਾ ਰਿਹਾ ਹੈ। ਸਮੁਦਾਇਕ ਪਹੁੰਚ ਯੋਜਨਾ ਬਾਰੇ ਹੋਰ ਵੇਰਵੇ ਅੰਤਕਾ B ਵਿੱਚ ਦੇਖੇ ਜਾ ਸਕਦੇ ਹਨ।

### ਸਿੱਧੀਆਂ ਡਾਕਾਂ

ROV ਵੱਲੋਂ Santa Clara ਕਾਉਂਟੀ ਦੇ ਹਰੇਕ ਰਜਿਸਟਰਡ ਵੋਟਰ ਨੂੰ ਦੋ (2) ਵੱਖ-ਵੱਖ ਡਾਕਾਂ ਰਾਹੀਂ ਸੰਪਰਕ ਕਰਕੇ ਆਗਾਮੀ ਚੋਣਾਂ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਟੋਲ-ਫਰੀ ਵੋਟਰ ਸਹਾਇਤਾ ਹੌਟਲਾਈਨ, (866) 430-VOTE ਦਾ ਪ੍ਰਚਾਰ ਕੀਤਾ ਜਾਵੇਗਾ। ਇਹ ਵੋਟਰਾਂ ਨੂੰ ਨਵੇਂ ਚੋਣ ਮਾਡਲ, ਆਗਾਮੀ ਚੋਣਾਂ ਇਨ੍ਹਾਂ ਤਬਦੀਲੀਆਂ ਬਾਰੇ ਹੋਰ ਜਾਣਕਾਰੀ ਦੇਣ ਦੇ ਟਿਕਾਣੇ ਬਾਰੇ ਜਾਣਕਾਰੀ ਪ੍ਰਦਾਨ ਕਰਨਗੀਆਂ ਅਤੇ ਇੱਕ ਲਿੰਕ ਮੁਹੱਈਆ ਕਰਨਗੀਆਂ, ਜਿੱਥੋਂ ਵੋਟਰ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫਦੇ ਟਿਕਾਣੇ, ਉਨ੍ਹਾਂ ਦੇ ਖੁੱਲ੍ਹੇ ਰਹਿਣ ਦੀਆਂ ਤਾਰੀਖ਼ਾਂ ਅਤੇ ਕੰਮਕਾਜੀ ਘੰਟਿਆਂ ਦੀ ਜਾਣਕਾਰੀ ਤੱਕ ਪਹੁੰਚ ਕਰ ਸਕਣਗੇ। ਹਰੇਕ ਮੇਲਰ ਨੂੰ, ਵੋਟਰ ਦੀ ਤਰਜੀਹੀ ਭਾਸ਼ਾ ਦੇ ਅਧਾਰ 'ਤੇ, 13 ਤੱਕ ਭਾਸ਼ਾਵਾਂ ਵਿੱਚ ਅਨੁਵਾਦਿਤ ਕੀਤਾ ਜਾਵੇਗਾ, ਜਿੰਨਾਂ ਨੂੰ ਉਨ੍ਹਾਂ ਵੋਟਰਾਂ ਵਿੱਚ ਵੰਡਿਆ ਜਾਵੇਗਾ ਜਿੰਨਾਂ ਨੇ ਆਪਣੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਚੁਣੀ ਹੈ।

### ROV ਦੀ ਵੈੱਬਸਾਈਟ 'ਤੇ ਵੋਟਰ ਸਿੱਖਿਆ ਸੰਬੰਧੀ ਸਰੋਤ

ROV ਦੀ ਪਹੁੰਚ ਸੰਬੰਧੀ ਵੋਟਰ ਸਿੱਖਿਆ ਸਮੱਗਰੀ, ਜਿਸ ਵਿੱਚ ਵੋਟਰ ਪਸੰਦ ਅਧਿਨਿਯਮ ਦੀ ਜਾਣਕਾਰੀ ਵੀ ਸ਼ਾਮਲ ਹੈ, ROV ਦੀ ਵੈੱਬਸਾਈਟ 'ਤੇ ਇਲੈਕਟ੍ਰਾਨਿਕ ਫਾਰਮੈਟ ਵਿੱਚ ਉਪਲਬਧ ਕਰਵਾਈ ਜਾਂਦੀ ਹੈ। ROV ਦੀ ਵੈੱਬਸਾਈਟ 'ਤੇ ਹੇਠਾਂ ਦਿੱਤੀ ਜਾਣਕਾਰੀ ਸ਼ਾਮਲ ਹੋਵੇਗੀ:

- VCA ਬਾਰੇ ਆਮ ਜਾਣਕਾਰੀ
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਦੇ ਟਿਕਾਣੇ ਅਤੇ ਕੰਮਕਾਜੀ ਘੰਟੇ
- ROV ਦੀ ਟੋਲ ਫ਼ਰੀ ਵੋਟਰ ਸਹਾਇਤਾ ਹੌਟਲਾਈਨ
- EAP ਦਸਤਾਵੇਜ਼
- VCA ਦੀ ਪ੍ਰਚਾਰ ਸਮੱਗਰੀ
- VCA ਦੀ ਸਿਖਲਾਈ ਵੀਡੀਓ ਅਤੇ ਪੇਸ਼ਕਾਰੀਆਂ
- ਪਹੁੰਚ ਅਤੇ ਵਰਕਸ਼ਾਪ ਸਮਾਂ-ਸੂਚੀਆਂ
- ਹਰੇਕ ਵੋਟ ਕੇਂਦਰ 'ਤੇ ਵਿਅਕਤੀਗਤ ਭਾਸ਼ਾ ਸਹਾਇਤਾ ਦੀ ਉਪਲਬਧਤਾ

## ਸੈਕਸ਼ਨ 2: ਵੋਟਰ ਸੰਪਰਕ – ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰੇ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਗਠਨ ਕੀਤਾ ਗਿਆ ਸੀ, ਜਿਸਦਾ ਉਦੇਸ਼ ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਉਨ੍ਹਾਂ ਤਰੀਕਿਆਂ ਬਾਰੇ ਵਿਚਾਰ ਮੰਗਣਾ ਸੀ ਜਿਸ ਦੀ ਵਰਤੋਂ ਕਰਕੇ ਵੋਟ ਕੇਂਦਰ ਮਾਡਲ ਉਨ੍ਹਾਂ ਵੋਟਰਾਂ ਨੂੰ ਬਿਹਤਰ ਤਰੀਕੇ ਨਾਲ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ। ਇਹ ਕਮੇਟੀ ਵੱਖ-ਵੱਖ ਪਹਿਲੂਆਂ 'ਤੇ ਫੀਡਬੈਕ ਪ੍ਰਦਾਨ ਕਰਦੀ ਹੈ, ਜਿਵੇਂ ਕਿ, ਵੋਟ ਕੇਂਦਰ ਦੇ ਟਿਕਾਣੇ, ਅਤੇ ਨਾਲ ਹੀ ਕੋਈ ਵਿਸ਼ੇਸ਼ਤਾਵਾਂ ਅਤੇ ਸੇਵਾਵਾਂ ਜੋ ਪ੍ਰਦਾਨ ਕੀਤੀਆਂ ਜਾਣਗੀਆਂ, ਜਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਕਮੇਟੀ ਸਮੁਦਾਇ ਦੀ ਗੱਲਬਾਤ ਸੁਣਨ ਲਈ ਨਿਯਮਿਤ ਤੌਰ 'ਤੇ ਮਿਲੇਗੀ।

### ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਪਛਾਣਨਾ

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੀ ਪਛਾਣ Santa Clara ਕਾਉਂਟੀ ਦੇ ਰਜਿਸਟਰਡ ਵੋਟਰਾਂ ਦੀਆਂ ਤਰਜੀਹੀ ਭਾਸ਼ਾ ਸੰਬੰਧੀ ਬੇਨਤੀਆਂ ਦੇ ਆਧਾਰ 'ਤੇ ਕੀਤੀ ਜਾਵੇਗੀ। ਇਸ ਜਾਣਕਾਰੀ ਦੀ ਜਨ-ਗਣਨਾ ਸੰਬੰਧੀ ਜਾਣਕਾਰੀ ਅਤੇ ਜਨਤਕ ਤੌਰ 'ਤੇ ਉਪਲਬਧ ਹੋਰ ਜਨਅੰਕਣ ਸੰਬੰਧੀ ਜਾਣਕਾਰੀ ਦੇ ਨਾਲ ਮਿਲਾ ਕੇ ਵਰਤੋਂ ਕਰਦੇ ਹੋਏ, ROV ਪ੍ਰਮੁੱਖ ਭਾਸ਼ਾ ਦੇ ਖੇਤਰਾਂ ਦਾ ਇੱਕ ਨਕਸ਼ਾ ਤਿਆਰ ਕਰਦਾ ਹੈ। ਪਹੁੰਚ ਸੰਬੰਧੀਟੀਚਿਆਂ ਨੂੰ ਯੋਜਨਾਬੱਧ ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮ ਦੇ ਹਿੱਸੇ ਵਜੋਂ ਇਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ

ਤਿਆਰ ਕੀਤਾ ਜਾਵੇਗਾ। ROV ਵੱਖ-ਵੱਖ ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਉਨ੍ਹਾਂ ਦੇ ਵਿਚਾਰਾਂ ਦੀ ਵੀ ਮੰਗ ਕਰੇਗਾ, ਜਿਸ ਦੀ ਵਰਤੋਂ ਪਹੁੰਚ ਦੀਆਂ ਹੋਰ ਵਿਧੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਭਾਈਚਾਰਕ ਸਮਾਰੋਹਾਂ ਦਾ ਪਤਾ ਲਗਾਉਣ ਲਈ ਕੀਤੀ ਜਾਵੇਗੀ ਜਿਨ੍ਹਾਂ 'ਚ ਹਾਜ਼ਰੀ ਭਰਨੀ ਲਾਹੇਵੰਦ ਸਾਬਤ ਹੋ ਸਕਦੀ ਹੈ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਉਹ ਭਾਈਚਾਰੇ ਜਿਨ੍ਹਾਂ ਨੂੰ ਸਹਿਯੋਗ ਪ੍ਰਦਾਨ ਕਰਨਾ ਹੈ

ROV ਵੱਲੋਂ ਅੰਗਰੇਜ਼ੀ ਸਮੇਤ ਚੌਦਾਂ (14) ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪੰਜ ਭਾਸ਼ਾਵਾਂ ਸੰਘੀ ਤੌਰ ਤੇ ਲਾਜ਼ਮੀ ਹਨ; ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਅਤੇ ਵੀਅਤਨਾਮੀ। ਨੌਂ ਭਾਸ਼ਾਵਾਂ ਰਾਜ ਦੁਆਰਾ ਲਾਜ਼ਮੀ ਕੀਤੀਆਂ ਗਈਆਂ ਹਨ: ਗੁਜਰਾਤੀ, ਹਿੰਦੀ, ਜਪਾਨੀ, ਖਮੇਰ, ਕੋਰੀਆਈ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ। ਅਧਿਕਾਰਿਕ ਬੈਲਟ ਅਤੇ ਸ਼ਰਤਬੱਧ ਵੋਟਰ ਰਜਿਸਟਰੇਸ਼ਨ ਅਤੇ ਆਰਜ਼ੀ ਬੈਲਟ ਲਿਫਾਫੇ ਪੂਰੀਆਂ ਨੌਂ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੇ ਜਾਣਗੇ। ਕੁੱਲ 14 ਭਾਸ਼ਾਵਾਂ ਲਈ, ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਬੌਕਸ ਸਾਈਨੇਜ ਵੀ ਪੰਜ ਵਾਧੂ ਭਾਸ਼ਾਵਾਂ ਗੁਜਰਾਤੀ, ਨੇਪਾਲੀ, ਪੰਜਾਬੀ, ਤਮਿਲ ਅਤੇ ਤੇਲਗੂ ਦੇ ਨਾਲ ਨੌਂ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ। ਜਿਵੇਂ ਕਿ ਪਹਿਲਾਂ ਤੋਂ ਚੱਲਿਆ ਆ ਰਿਹਾ ਹੈ ਕਾਉਂਟੀ ਵੋਟਰ ਜਾਣਕਾਰੀ ਗਾਈਡਾਂ (CVIGs) ਸਿਰਫ਼ ਸੰਘੀ ਤੌਰ ‘ਤੇ ਲਾਜ਼ਮੀ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ, ਕਾਉਂਟੀ ਵਿੱਚ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ ਅਤੇ ਬੋਲੀਆਂ ਸੰਬੰਧੀ ਸਹਾਇਤਾ ਪ੍ਰਦਾਨ ਕਰਨ ਲਈ, ਦੁਭਾਸ਼ੀਆ ਵੋਟ ਕੇਂਦਰ ਸਟਾਫ਼ ਉਪਲਬਧ ਹੋ ਸਕਦਾ ਹੈ। ਇਨ੍ਹਾਂ ਭਾਸ਼ਾਵਾਂ ਵਿੱਚੋਂ ਕੁਝ ਹਨ, ਕੇਂਟੋਨੀਜ਼, ਫ਼ਾਰਸੀ, ਗੁਜਰਾਤੀ, ਨੇਪਾਲੀ, ਪੁਰਤਗਾਲੀ, ਪੰਜਾਬੀ, ਰੂਸੀ, ਸੀਰੀਆਈ, ਤਮਿਲ, ਤੇਲਗੂ ਅਤੇ ਥਾਈ। ਮੈਪਿੰਗ ਅਤੇ ਵਿਸ਼ੇਸ਼ ਭਾਸ਼ਾ ਸੰਬੰਧੀ ਭਾਈਚਾਰਿਆਂ ਨੂੰ ਸੇਧਿਤ ਕਰਨ ਦੇ ਆਧਾਰ 'ਤੇ, ROV ਵੱਲੋਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਭਾਈਚਾਰਿਆਂ ਵਿੱਚ ਦੁਭਾਸ਼ੀਏ ਚੋਣ ਅਧਿਕਾਰੀ ਦੇ ਰੂਪ ਵਿੱਚ ਭਾਸ਼ਾ ਸੰਬੰਧੀ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇ। ਵੋਟ ਸੈਂਟਰ ਦੇ ਸਟਾਫ ਨੂੰ ਅੰਤਮ ਰੂਪ ਦੇਣ ਤੋਂ ਬਾਅਦ, ROV ਹਰੇਕ ਵੋਟ ਕੇਂਦਰ 'ਤੇ ਵਿਅਕਤੀਗਤ ਭਾਸ਼ਾ ਸਹਾਇਤਾ ਦੀ ਉਪਲਬਧਤਾ ਸੰਬੰਧੀ ਜਾਣਕਾਰੀ ਨੂੰ ROV ਦੀ ਵੈੱਬਸਾਈਟ 'ਤੇ ਪੋਸਟ ਕਰੇਗਾ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਲਈ ਵੋਟਰ ਸਿੱਖਿਆ ਵਰਕਸ਼ਾਪ

ROV ਵੱਲੋਂ ਪਹਿਲਾਂ ਜ਼ਿਕਰ ਕੀਤੀਆਂ ਗਈਆਂ ਚੌਦਾਂ (14) ਭਾਸ਼ਾਵਾਂ ਵਿੱਚ ਦੁਭਾਸ਼ੀਆ ਵੋਟਰ ਸਿੱਖਿਆ ਵਰਕਸ਼ਾਪਾਂ ਪ੍ਰਦਾਨ ਕੀਤੀਆਂ ਜਾਣਗੀਆਂ। ਹਰ ਵਿਸ਼ੇਸ਼ ਭਾਸ਼ਾ ਲਈ ਉਪਲਬਧ ਸਮੱਗਰੀ ਅਤੇ ਸਹਾਇਤਾ ਤੋਂ ਇਲਾਵਾ, ਇਹ ਵਰਕਸ਼ਾਪਾਂ Santa Clara ਕਾਉਂਟੀ ਦੇ ਭਾਸ਼ਾ ਸੰਧੀ ਭਾਈਚਾਰਿਆਂ ਲਈ ਵੋਟ ਕੇਂਦਰ ਮਾਡਲ ਪ੍ਰਕਿਰਿਆ ਬਾਰੇ ਜਾਣਕਾਰੀ ਪਾਪਤ ਕਰਨ ਦਾ ਮੌਕਾ ਪ੍ਰਦਾਨ ਕਰਣਗੀਆਂ। ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੇ ਮੈਂਬਰਾਂ ਵੱਲੋਂ ਦਿੱਤੇ ਗਏ ਵਿਚਾਰਾਂ ਦੀ ਵਰਤੋਂ ਕਰਦੇ ਹੋਏ, ROV ਵਰਕਸ਼ਾਪਾਂ ਲਈ ਟਿਕਾਣੇ ਅਤੇ ਤਾਰੀਖਾਂ ਦੀ ਚੋਣ ਕਰੇਗਾ ਅਤੇ ਸਾਰੀਆਂ ਵਰਕਸ਼ਾਪਾਂ ਵਿੱਚ ਹਾਜਰੀ ਭਰਨ ਵਾਲਿਆਂ ਦੀ ਸਹਾਇਤਾ ਕਰਨ ਲਈ ਭਾਸ਼ਾ-ਵਿਸ਼ੇਸ਼ ਦੁਭਾਸ਼ੀਏ ਮੌਜੂਦ ਹੋਣਗੇ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਸੇਧਿਤ ਕਰਨ ਲਈ ਮੀਡੀਆ ਦੀ ਵਰਤੋਂ

ਵੱਖ-ਵੱਖ ਭਾਸ਼ਾਵਾਂ ਦੇ ਘੱਟ-ਗਿਣਤੀਆਂ ਨੂੰ ਵੋਟ ਕੇਂਦਰ ਮਾਡਲ ਅਤੇ ਡਾਕ-ਰਾਹੀਂ-ਵੋਟ ਵੋਟਿੰਗ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ, ਅਤੇ ਨਾਲ ਹੀ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਦਾ ਟੋਲ ਫਰੀ ਹੌਟਲਾਈਨ ਨੰਬਰ (866) 430-VOTE, ਅਤੇ ਸਧਾਰਨ ਵੋਟਰ ਜਾਣਕਾਰੀ ਲਈ ਨੰਬਰ (408) 299-VOTE ਪ੍ਰਦਾਨ ਕੀਤਾ ਜਾਵੇਗਾ। ਬਹੁਤ ਸਾਰੇ ਭਾਸ਼ਾ-ਵਿਸ਼ੇਸ਼ ਮੀਡੀਆ ਅਦਾਰਿਆਂ ਨਾਲ ਇਸ ਸੰਬੰਧੀ ਸਹਿਕਾਰਤਾ ਕੀਤੀ ਜਾਵੇਗੀ, ਤਾਂ ਕਿ ਸੰਘੀ ਤੌਰ ‘ਤੇ ਲਾਜ਼ਮੀ ਸਾਰੀਆਂ ਭਾਸ਼ਾਵਾਂ ਦੀ ਨੁਮਾਇੰਦਗੀ ਕੀਤੀ ਜਾ ਸਕੇ। ਮੀਡੀਆ ਅਦਾਰਿਆਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ।

1. ਸਥਾਨਕ ਟੈਲੀਵਿਜ਼ਨ ਅਤੇ ਭਾਈਚਾਰਕ ਕੇਬਲ ਸਟੇਸ਼ਨ
    a. Univision (ਸਪੈਨਿਸ਼)
    b. Epoch Times (ਚੀਨੀ)
    c. Telemundo (ਸਪੈਨਿਸ਼)
    d. Namaste (ਹਿੰਦੀ)
    e. Crossing TV (ਅੰਗਰੇਜ਼ੀ + ਸਾਰੀਆਂ 8 ਵਧੀਕ ਭਾਸ਼ਾਵਾਂ)
2. ਅਖਬਾਰ (ਖੇਤਰੀ ਅਤੇ ਸਮੁਦਾਇ ਵਿਸ਼ੇਸ਼)
    a. El Observador (ਸਪੈਨਿਸ਼)
    b. Epoch Times (ਚੀਨੀ)
    c. India West (ਅੰਗਰੇਜ਼ੀ)
    d. Korea Times (ਕੋਰੀਆਈ)

e. Nichi Bei Weekly (ਜਪਾਨੀ)
f. Philippine News (ਟੈਗਾਲੋਗ)
g. Viet Nam Daily (ਵੀਅਤਨਾਮੀ)
h. World Journal (ਚੀਨੀ)
i. N & R (ਅੰਗਰੇਜ਼ੀ)
j. China Press (ਚੀਨੀ)
k. JWeekly (ਜਪਾਨੀ)
l. Spotlight (ਅੰਗਰੇਜ਼ੀ)
m. Bayspo Magazine (ਜਪਾਨੀ)
n. Daily Post (ਅੰਗਰੇਜ਼ੀ)
o. India Currents (ਹਿੰਦੀ)

3. ਰੇਡੀਓ
    a. Univision (ਸਪੈਨਿਸ਼)
    b. Celina Rodriquez (ਸਪੈਨਿਸ਼)
    c. Sound of Hope (ਚੀਨੀ)
    d. Sing Tao (ਚੀਨੀ)
    e. Vien Thao (ਵੀਅਤਨਾਮੀ)
    f. China Press (ਚੀਨੀ)
    g. Radio Zindagi (ਹਿੰਦੀ)
    h. Korean American ਰੇਡੀਓ
4. ਸੋਸ਼ਲ ਮੈਡੀਆ ਅਤੇ ਵਿਭਾਗ ਦੀਆਂ ਵੈੱਬਸਾਈਟਾਂ
    a. ROV ਦਾ Facebook ਪੰਨਾ https://www.facebook.com/sccvote
    b. ਕਾਉਂਟੀ ਦਾ Facebook ਪੰਨਾ: https://www.facebook.com/county.of.santa.clara
    c. ROV Twitter: https://twitter.com/sccvote
    d. ਕਾਉਂਟੀ Twitter: https://twitter.com/SCCgov
    e. ROV Instagram: www.instagram.com/sccvote
    f. Nextdoor ਐਪ, (ਸੰਚਾਰ ਅਤੇ ਮੀਡੀਆ Santa Clara ਕਾਉਂਟੀ ਲਈ ਖੋਜੋ)
    g. ਕਾਉਂਟੀ ਦੀ ਖਬਰਾਂ ਫੀਡ ਸੰਬੰਧੀ ਗਾਹਕੀ ਦੀਆਂ ਸੂਚੀਆਂ
    h. ROV YouTube: https://www.youtube.com/sccvote
    i. ROV ਵੈੱਬਸਾਈਟ: https://www.sccvote.org
5. ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੇ ਸੂਚਨਾ-ਪੱਤਰ
6. ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੇ ਵੋਟਰਾਂ ਨੂੰ ਆਗਾਮੀ ਚੋਣਾਂ ਅਤੇ ਟੋਲ ਫਰੀ ਸਹਾਇਤਾ ਹੌਟਲਾਈਨ ਬਾਰੇ ਸੂਚਿਤ ਕਰਨ ਲਈ ਜਨਤਕ ਸੇਵਾ ਘੋਸ਼ਣਾਵਾਂ (PSAs) ਦੀ ਵਰਤੋਂ ਕੀਤੀ ਜਾਵੇਗੀ। PSA ਦਾ ਅਨੁਵਾਦ ਸਾਰੀਆਂ ਸੰਘੀ ਅਤੇ ਰਾਜ ਭਾਸ਼ਾਵਾਂ ਵਿੱਚ ਕੀਤਾ ਜਾਵੇਗਾ ਅਤੇ ਘੱਟ ਗਿਣਤੀ ਭਾਸ਼ਾ ਦੇ ਟੈਲੀਵਿਜ਼ਨ, ਰੇਡੀਓ, ਅਖਬਾਰਾਂ ਅਤੇ ਔਨਲਾਈਨ ਸਰੋਤਾਂ ਰਾਹੀਂ ਵੰਡਿਆ ਜਾਵੇਗਾ।

## ਚੋਣ ਅਧਿਕਾਰੀ

ਵੋਟ ਕੇਂਦਰ ਸਟਾਫ਼ ਦੇ ਗਠਨ ਨੂੰ ਨਿਰਧਾਰਿਤ ਕਰਨ ਲਈ, ROV ਵੱਲੋਂ ਚੋਣ ਅਧਿਕਾਰੀ ਭਰਤੀ ਕੀਤੇ ਜਾਣਗੇ (ਚੋਣ ਕੋਡ ਅਨੁਸਾਰ ਚੋਣ ਬੋਰਡ ਕਿਹਾ ਜਾਂਦਾ ਹੈ)[19]। ਵੋਟ ਕੇਂਦਰਾਂ ਵਿੱਚ ਭਰਤੀ ਕੀਤੇ ਜਾਣ ਵਾਲੇ ਸਟਾਫ਼ ਦੀ ਗਿਣਤੀ ਚੋਣ ਵਾਲੇ ਦਿਨ ਤੋਂ ਨੇੜਤਾ ਅਤੇ ਵੋਟ ਕੇਂਦਰ ਦੇ ਆਕਾਰ 'ਤੇ ਆਧਾਰਿਤ ਹੋਵੇਗੀ। ਯੋਜਨਾ ਇਹ ਹੈ ਕਿ ਹਰੇਕ ਵੋਟ ਕੇਂਦਰ ਲਈ ਛੇ (6) ਤੋਂ ਪੰਦਰਾਂ (15) ਚੋਣ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਵੇ। ਚੋਣਾਂ ਵਾਲੇ ਦਿਨ ਦੇ ਨੇੜੇ ਆਉਣ ਕਰਕੇ ਜ਼ਿਆਦਾ ਭੀੜ ਵਾਲੇ ਸਮਿਆਂ ਦੌਰਾਨ ਅਤੇ ਵੱਡੇ ਵੋਟ ਕੇਂਦਰਾਂ ਲਈ ਜ਼ਿਆਦਾ ਸਟਾਫ਼ ਤੈਨਾਤ ਕੀਤਾ ਜਾਵੇਗਾ। ਚੋਣਾਂ ਵਾਲੇ ਦਿਨ ਤੋਂ 10 ਦਿਨ ਪਹਿਲਾਂ ਤੋਂ ਲੈ ਕੇ 4 ਦਿਨ ਪਹਿਲਾਂ ਤੱਕ, ਵੋਟ ਕੇਂਦਰਾਂ ਵਿੱਚ ਘੱਟੋ-ਘੱਟ 6 ਸਟਾਫ਼ ਮੈਂਬਰ ਹੋਣਗੇ। ਚੋਣਾਂ ਵਾਲੇ ਦਿਨ ਤੋਂ 3 ਦਿਨ ਪਹਿਲਾਂ ਤੋਂ ਲੈ ਕੇ 1 ਦਿਨ ਪਹਿਲਾਂ ਤੱਕ, ਲੋੜ ਅਨੁਸਾਰ, ਵੋਟ ਕੇਂਦਰਾਂ ਵਿੱਚ ਘੱਟੋ-ਘੱਟ 8 ਤੋਂ 15 ਸਟਾਫ਼ ਮੈਂਬਰ ਹੋਣਗੇ।

---
[19] ਚੋਣ ਕੋਡ, ਭਾਗ 12, ਅਧਿਆਏ 4 ਦੀ ਧਾਰਾ 1

ਇਹ ਵੀ ਯੋਜਨਾ ਹੈ ਕਿ ਹਰ ਭਾਸ਼ਾ ਲਈ ਘੱਟੋ-ਘੱਟ ਇੱਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਵੇ, ਜਾਂ ਜੇ ਇਹ ਸੰਭਵ ਨਹੀਂ, ਤਾਂ ਉਸ ਵੋਟ ਕੇਂਦਰ ਦੇ ਖੇਤਰ ਵਿੱਚ ਸਭ ਤੋਂ ਆਮ ਤੌਰ 'ਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਲਈ ਘੱਟੋ-ਘੱਟ ਇੱਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਵੇ। ROV ਵੱਲੋਂ ਜਿੰਨਾ ਹੋ ਸਕੇ ਓਨੇ ਜ਼ਿਆਦਾ ਬਹੁਭਾਂਤੀ ਭਾਈਚਾਰਿਆਂ ਤੋਂ ਵੋਟ ਕੇਂਦਰ ਸਟਾਫ਼ ਭਰਤੀ ਕੀਤਾ ਜਾਵੇਗਾ, ਤਾਂ ਕਿ ਵੋਟਰਾਂ ਲਈ ਅਨੁਵਾਦਕ ਦੇ ਤੌਰ 'ਤੇ ਕੰਮ ਕਰਨ ਲਈ ਪ੍ਰਮਾਣਿਤ ਹੋਣ ਦੇ ਨਾਲ-ਨਾਲ ਵੋਟਰਾਂ ਦੀ ਪ੍ਰਕਿਰਿਆ ਕਰਨ ਵਿੱਚ ਮਦਦ ਕਰਨ ਵਾਸਤੇ ਲੋੜ ਪੈਣ ਵਾਲੇ ਹੁਨਰਾਂ ਨੂੰ ਜਿੰਨਾ ਹੋ ਸਕੇ ਵਧਾਇਆ ਜਾ ਸਕੇ। ਭਰਤੀ ਦੀ ਪ੍ਰਕਿਰਿਆ ਸਾਬਕਾ ਦੁਭਾਸ਼ੀਏ ਚੋਣ ਅਧਿਕਾਰੀਆਂ ਨਾਲ ਸੰਪਰਕ ਕਰਨ ਤੋਂ ਸ਼ੁਰੂ ਹੋਵੇਗੀ, ਅਤੇ ਇਸ ਦੇ ਨਾਲ-ਨਾਲ ਆਮ ਖੁੱਲ੍ਹੀ-ਭਰਤੀ ਅਰਜ਼ੀ ਪ੍ਰਕਰਿਆ ਵੀ ਚੱਲੇਗੀ।

# ਸੈਕਸ਼ਨ 3: ਵੋਟਰ ਸੰਪਰਕ - ਅਸਮਰਥਤਾਵਾਂ ਵਾਲੇ ਵੋਟਰ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਇੱਕ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦਾ ਗਠਨ ਕੀਤਾ ਗਿਆ ਹੈ, ਜਿਸਦਾ ਉਦੇਸ਼ ਪਹੁੰਚਯੋਗਤਾ ਸੰਬੰਧੀ ਸਮੱਸਿਆ ਵਾਲੇ ਵੋਟਰਾਂ ਤੋਂ ਵਿਚਾਰ ਮੰਗਣਾ ਸੀ, ਜਿਵੇਂ ਕਿ ਬਜ਼ੁਰਗ ਜਾਂ ਅਸਮਰਥਤਾਵਾਂ ਵਾਲੇ ਵੋਟਰ, ਤਾਂ ਕਿ ਉਨ੍ਹਾਂ ਤਰੀਕਿਆਂ ਦਾ ਪਤਾ ਲਗਾਇਆ ਜਾ ਸਕੇ ਜਿਨ੍ਹਾਂ ਨੂੰ ਵਰਤੋਂ ਵਿੱਚ ਲਿਆ ਕੇ ਨਵਾਂ ਚੋਣ ਮਾਡਲ ਉਨ੍ਹਾਂ ਲਈ ਇਸ ਪ੍ਰਕਿਰਿਆ ਨੂੰ ਸੁਖਾਲਾ ਬਣਾ ਸਕੇ। ਇਹ ਕਮੇਟੀ ਵੱਖ-ਵੱਖ ਪਹਿਲੂਆਂ 'ਤੇ ਫੀਡਬੈਕ ਪ੍ਰਦਾਨ ਕਰਦੀ ਹੈ, ਜਿਵੇਂ ਕਿ, ਵੋਟ ਕੇਂਦਰ ਦੇ ਟਿਕਾਣੇ, ਅਤੇ ਨਾਲ ਹੀ ਕੋਈ ਵਿਸ਼ੇਸ਼ਤਾਵਾਂ ਅਤੇ ਸੇਵਾਵਾਂ ਜੋ ਪ੍ਰਦਾਨ ਕੀਤੀਆਂ ਜਾਣਗੀਆਂ, ਜਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਕਮੇਟੀ ਲਗਾਤਾਰ ਕਿਰਿਆਸ਼ੀਲ ਰਹੇਗੀ, ਜਿਸ ਦਾ ਮਕਸਦ ਭਾਈਚਾਰੇ ਦੇ ਵਿਚਾਰਾਂ ਦੀ ਸੁਣਵਾਈ ਕਰਨਾ, ਅਤੇ ਉਨ੍ਹਾਂ ਨਾਲ ਕੰਮ ਕਰਨਾ ਹੋਵੇਗਾ। ਇਹ ਕਮੇਟੀ ਨਿਯਮਿਤ ਤੌਰ 'ਤੇ ਰਹਿੰਦੀ ਹੈ ਅਤੇ ਇਨਪੁੱਟ ਲਈ ਆਮ ਲੋਕਾਂ ਲਈ ਖੁੱਲ੍ਹੀ ਹੈ। ਮੀਟਿੰਗ ਦੇ ਸਮੇਂ ਅਤੇ ਸਥਾਨਾਂ ਸਮੇਤ VAAC ਬਾਰੇ ਹੋਰ ਜਾਣਕਾਰੀ, ROV ਦੀ ਵੈੱਬਸਾਈਟ, www.sccvote.org 'ਤੇ ਦੇਖੀ ਜਾ ਸਕਦੀ ਹੈ।

## ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪਛਾਣਨ ਲਈ ਵਰਤੇ ਜਾਣ ਵਾਲੇ ਤਰੀਕੇ

ROV ਵੱਲੋਂ ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਤਰੀਕਿਆਂ ਵਿੱਚ ਨਿਰੰਤਰ ਤੌਰ 'ਤੇ ਸੁਧਾਰ ਕੀਤਾ ਜਾ ਰਿਹਾ ਹੈ। ਇੰਝ ਕਰਨ ਲਈ, ROV ਵੱਲੋਂ ਚਾਰ (4) ਪ੍ਰਮੁੱਖ ਸਰੋਤਾਂ ਤੋਂ ਪ੍ਰਾਪਤ ਕੀਤੀਆਂ ਅਸਮਰਥਤਾਵਾਂ ਵਾਲੇ ਵੋਟਰਾਂ ਸੰਬੰਧੀ ਸਿਫਾਰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ: (1) ਅਸਮਰਥਤਾਵਾਂ ਵਾਲੇ ਵਸਨੀਕ, (2) CBO, ਜੋ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ, (3) VCA ਲਾਗੂ ਕਰਨ ਵਾਲੀਆਂ ਹੋਰ ਕਾਉਂਟੀਆਂ, ਅਤੇ (4) ਰਾਜ ਦੇ ਸਕੱਤਰ ਦਾ ਦਫ਼ਤਰ। VCA ਵੱਲੋਂ ਵੋਟਿੰਗ ਕਰਵਾਉਣ ਦੇ ਤਰੀਕੇ ਨੂੰ ਬਿਲਕੁਲ ਨਵਾਂ ਰੂਪ ਦੇਣ ਤੋਂ ਬਾਅਦ, ROV ਵੱਲੋਂ ਵੀ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਅਸਮਰਥਤਾਵਾਂ ਵਾਲੇ ਵੋਟਰਾਂ (ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲੇ CBOs) ਨਾਲ ਸੰਬੰਧ ਬਣਾਉਣ ਦਾ ਇੱਕ ਨਵਾਂ ਪੜਾਅ ਸ਼ੁਰੂ ਕੀਤਾ ਜਾ ਰਿਹਾ ਹੈ।

ਡਿਸਐਬਿਲਿਟੀ ਰਾਈਟਜ਼ California ਅਤੇ Silicon Valley ਇੰਡੀਪੈਨਡੇਂਟ ਲਿਵਿੰਗ ਸੈਂਟਰ, ਅਜਿਹੀਆਂ ਦੋ ਸੰਸਥਾਵਾਂ ਹਨ, ਜਿਨ੍ਹਾਂ ਨੇ ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਦੇ ਸੰਬੰਧ ਵਿੱਚ ROV ਤੱਕ ਸਿੱਧੀ ਪਹੁੰਚ ਕੀਤੀ। ਉਸ ਸ਼ੁਰੂਆਤੀ ਸ਼ਮੂਲੀਅਤ ਤੋਂ ਬਾਅਦ, ROV ਨੇ ਹੇਠਾਂ ਦਿੱਤੀਆਂ ਸੰਸਥਾਵਾਂ ਨਾਲ ਆਪਣੇ ਸੰਬੰਧਾਂ ਨੂੰ ਅੱਗੇ ਵਧਾਉਣਾ ਜਾਰੀ ਰੱਖਿਆ ਹੈ:

- ਨੇਤਰਹੀਣਾਂ ਅਤੇ ਦੇਖਣ ਤੋਂ ਅਸਮਰੱਥ ਵਿਅਕਤੀਆਂ ਲਈ Vista ਸੈਂਟਰ
- ਵਿਕਾਸ ਸੰਬੰਧੀ ਅਸਮਰਥਤਾਵਾਂ ਦੀ ਰਾਜ ਕੌਂਸਲ – Central Coast ਦਫ਼ਤਰ
- ਹੈਂਡੀਕੈਪੇਬਲਜ਼
- Santa Clara Valley ਦਾ ਨੇਤਰਹੀਣ ਕੇਂਦਰ
- San Andreas ਦਾ ਖੇਤਰੀ ਕੇਂਦਰ

ਇਹ ਨਵਾਂ ਪੜਾਅ ਅਸਮਰਥਤਾਵਾਂ ਵਾਲੇ ਵੋਟਰਾਂ ਤੋਂ ਸਿੱਧੇ ਵਿਚਾਰ ਪ੍ਰਾਪਤ ਕਰਨ 'ਤੇ ਜ਼ੋਰ ਦਿੰਦਾ ਹੈ। ROV ਵੋਟਰਾਂ ਤੋਂ ਸਿੱਧਾ ਪ੍ਰਾਪਤ ਹੋਣ ਵਾਲੀਆਂ ਸਾਰੀਆਂ ਸਿਫਾਰਸ਼ਾਂ ਦੀ ਸਮੀਖਿਆ/ਪੜਚੋਲ ਕਰਨ ਲਈ ਵਚਨਬੱਧ/ਤਿਆਰ ਹੈ।

## ਅਸਮਰਥਤਾਵਾਂ ਵਾਲੇ ਭਾਈਚਾਰੇ ਤੱਕ ਪਹੁੰਚ

ਸਧਾਰਨ ਮੀਡੀਆ ਮੁਹਿੰਮ ਤੋਂ ਇਲਾਵਾ, ROV ਵੱਲੋਂ ਪਹੁੰਚਯੋਗਤਾ ਲੋੜਾਂ ਵਾਲੇ ਵੋਟਰਾਂ ਨੂੰ ਜਾਣਕਾਰੀ ਪ੍ਰਦਾਨ ਕਰਨ 'ਤੇ ਵੀ ਧਿਆਨ ਕੇਂਦਰਿਤ ਕਰਦਾ ਹੈ। ਇਸ ਵਿੱਚ ਹਰੇਕ ਵੋਟ ਕੇਂਦਰ 'ਤੇ ਪਹੁੰਚਯੋਗ ਵੋਟਿੰਗ ਡੀਵਾਈਸਾਂ ਦੀ ਉਪਲਬਧਤਾ ਬਾਰੇ, ਅਤੇ ਨਾਲ ਹੀ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਸਿਸਟਮ ਦੀ ਵਰਤੋਂ ਕਰਨ ਦਾ ਵਿਕਲਪ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ।

ਜਾਣਕਾਰੀ ਪ੍ਰਸਾਰਨ ਦੇ ਹੋਰ ਮੌਕਿਆਂ ਵਿੱਚ ਸ਼ਾਮਲ ਹੈ:

1. ਸੰਸਥਾਵਾਂ ਜੋ ਬਜ਼ੁਰਗਾਂ ਜਾਂ ਅਸਮਰਥਤਾਵਾਂ ਵਾਲੇ ਵਿਅਕਤੀਆਂ ਨੂੰ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ Silicon Valley ਇੰਡੀਪੈਨਡੇਂਟ ਲਿਵਿੰਗ ਸੈਂਟਰ, ਨੇਤਰਹੀਣਾਂ ਲਈ Silicon Valley ਕੌਂਸਲ, Santa Clara Valley ਨੇਤਰਹੀਣ ਕੇਂਦਰ ਇਨਕੋਰਪੋਰੇਟੇਡ, ਅਤੇ ਗ੍ਰੇਟਰ ਆਪਰਚਿਊਨੀਟੀਜ਼, ਅਤੇ ਹੋਰ;
2. ਭਾਈਚਾਰਕ ਭਾਈਵਾਲ, ਸ਼ਹਿਰ, ਖਾਸ ਡਿਸਟ੍ਰਿਕਟ, ਸਕੂਲ ਡਿਸਟ੍ਰਿਕਟ, ਵਿਸ਼ਵਾਸ-ਆਧਾਰਿਤ ਸੰਸਥਾ, ਅਤੇ ਕਾਊਂਟੀ ਵਿਚਲੇ ਜਨਤਕ ਸੂਚਨਾ ਅਧਿਕਾਰੀ;
3. ਵੋਟ ਕੇਂਦਰ ਦੀ ਨਕਲ ਦਾ ਅਨੁਭਵ ਪ੍ਰਦਾਨ ਕਰਨ ਲਈ "ਓਪਨ ਹਾਊਸ" ਜਨਤਕ ਪ੍ਰਦਰਸ਼ਨ ਅਤੇ ਕਿਸੇ ਮੀਡੀਆ ਸੰਬੰਧੀ ਮੌਕੇ 'ਤੇ ਉਜਾਗਰ ਕੀਤੇ ਗਏ ਪਹੁੰਚਯੋਗਤਾ ਵਿਕਲਪ,
4. ਵੋਟ ਕੇਂਦਰਾਂ 'ਤੇ ਉਪਲਬਧ ਪਹੁੰਚਯੋਗਤਾ ਵਿਕਲਪ ਨੂੰ ਉਜਾਗਰ ਕਰਦੀਆਂ ਰੇਡੀਓ ਅਤੇ ਟੈਲੀਵਿਜ਼ਨ ਜਨਤਕ ਸੇਵਾ ਸਿਸਟਮ
5. ਜਨਤਕ ਸੇਵਾ ਸਿਸਟਮ ਦੀ ਵਰਤੋਂ ਵੋਟ ਕੇਂਦਰਾਂ 'ਤੇ ਉਪਲਬਧ ਪਹੁੰਚਯੋਗਤਾ ਵਿਕਲਪਾਂ ਨੂੰ, ਅਤੇ ਨਾਲ ਹੀ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ ਦੀ ਉਪਲਬਧਤਾ ਨੂੰ ਉਜਾਗਰ ਕਰਨ ਲਈ ਕੀਤਾ ਜਾਵੇਗਾ।

## ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੇਵਾਵਾਂ

ਸਾਰੇ ਵੋਟ ਕੇਂਦਰ ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮਾਂ (ADA) ਦੀ ਪਾਲਣਾ ਕਰਨਗੇ। ਲੋੜ ਪੈਣ 'ਤੇ, ਹੋਰ ਉਪਲਬਧ ਦਰਵਾਜ਼ੇ ਅਤੇ ਪ੍ਰਵੇਸ਼ ਰਸਤੇ ਖੋਲ੍ਹ ਦਿੱਤੇ ਜਾਣਗੇ, ਤਾਂ ਕਿ ਸਾਰੇ ਵੋਟਰਾਂ ਲਈ ਪੂਰੀ ਪਹੁੰਚ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਵੋਟ ਕੇਂਦਰ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸਾਂ ਨਾਲ ਲੈਸ ਹੋਣਗੇ ਅਤੇ ਜਿਨ੍ਹਾਂ ਵਿੱਚ ADA, ਅਨੁਰੂਪ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸੁਤੰਤਰ ਅਤੇ ਪਰਦੇਦਾਰੀ ਵਿੱਚ ਬੈਲਟ ਕਾਸਟ ਕਰਨ ਦਿੰਦੀਆਂ ਹਨ। ਉਨ੍ਹਾਂ ਵੋਟਰਾਂ ਲਈ ਜੋ ਆਪਣੇ ਘਰ ਦੇ ਆਰਾਮ ਵਿੱਚ ਵੋਟ ਪਾਉਣਾ ਪਸੰਦ ਕਰਦੇ ਹਨ, RAVBM ਸਿਸਟਮ ਤੱਕ ਪਹੁੰਚ ਕਰਨ ਦਾ ਵਿਕਲਪ ਵੀ ਹੁੰਦਾ ਹੈ। RAVBM ਦੇ ਤਹਿਤ, ਵੋਟਰਾਂ ਨੂੰ ਲਿੰਕ ਵਾਲੀ ਇੱਕ ਈਮੇਲ ਭੇਜੀ ਜਾਵੇਗੀ, ਜਿਸ ਤੋਂ ਉਹ ਆਪਣਾ ਅਧਿਕਾਰਿਕ ਬੈਲਟ ਡਾਊਨਲੋਡ ਕਰ ਸਕਣਗੇ, ਅਤੇ ਨਾਲ ਹਦਾਇਤਾਂ ਵੀ ਹੋਣਗੀਆਂ, ਜਿਨ੍ਹਾਂ ਵਿੱਚ ਇਹ ਦੱਸਿਆ ਹੋਵੇਗਾ ਕਿ ਬੈਲਟ ਨੂੰ ਪ੍ਰਿੰਟ ਅਤੇ ਪੂਰਾ ਕਰਕੇ, ROV ਨੂੰ ਵਾਪਸ ਕਿਵੇਂ ਕਰਨਾ ਹੈ। ਅਸਮਰਥਤਾਵਾਂ ਵਾਲੇ ਵੋਟਰ ਆਮ ਵੋਟਰ ਜਾਣਕਾਰੀ ਲੈਣ ਲਈ (408) 299-VOTE(8683) 'ਤੇ ਕਾਲ ਕਰਨ ਤੋਂ ਇਲਾਵਾ, ਕਿਸੇ ਵੀ ਤਰ੍ਹਾਂ ਦੀ ਹੋਰ ਮਦਦ ਲਈ ROV ਦੀ ਟੋਲ ਫਰੀ ਹੌਟਲਾਈਨ (866) 430-VOTE(8683) 'ਤੇ ਵੀ ਕਾਲ ਕਰ ਸਕਦੇ ਹਨ। ਦੋਵੇਂ ਲਾਈਨਾਂ ਭਾਸ਼ਾ ਸੰਬੰਧੀ ਸਹਾਇਤਾ ਪ੍ਰਦਾਨ ਕਰਦੀਆਂ ਹਨ।

## ਅਸਮਰਥਤਾਵਾਂ ਵਾਲੇ ਭਾਈਚਾਰੇ ਲਈ ਵੋਟਰ ਸਿੱਖਿਆ ਵਰਕਸ਼ਾਪ

ROV ਵੱਲੋਂ ਬਜ਼ੁਰਗਾਂ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵੋਟਰ ਸਿੱਖਿਆ ਵਰਕਸ਼ਾਪਾਂ ਕਰਵਾਈਆਂ ਜਾਂਦੀਆਂ ਹਨ, ਜਿਸ ਵਿੱਚ ਉਪਲਬਧ ਪਹੁੰਚਯੋਗਤਾ ਵਿਕਲਪਾਂ ਅਤੇ ਵੋਟ ਕੇਂਦਰ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਵਰਕਸ਼ਾਪਾਂ ਵਿੱਚ ਸ਼ਾਮਲ ਹੁੰਦਾ ਹੈ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ, ਵੋਟ ਕੇਂਦਰ ਬਾਰੇ ਸਿੱਖਿਆ , ਵੋਟਿੰਗ ਉਪਕਰਨਾਂ ਦੇ ਪ੍ਰਦਰਸ਼ਨ, ਵੋਟਿੰਗ ਉਪਕਰਨਾਂ ਦੀ ਪਹੁੰਚਯੋਗਤਾ, ਬੈਲਟ ਡ੍ਰੌਪ-ਬੌਕਸ ਸੰਬੰਧੀ ਜਾਣਕਾਰੀ, ਅਤੇ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਪਹੁੰਚਯੋਗ ਡਾਕ-ਰਾਹੀਂ ਵੋਟ ਬੈਲਟ ਪ੍ਰਾਪਤ ਕਰਨਾ। ਵਰਕਸ਼ਾਪਾਂ ਦੀ ਸਮੱਗਰੀ ਲਈ ਥਾਵਾਂ, ਅਤੇ ਤਾਰੀਖ਼ਾਂ ਚੁਣਨ ਲਈ ROV ਵੱਲੋਂ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦੇ ਮੈਂਬਰਾਂ ਵੱਲੋਂ ਪ੍ਰਦਾਨ ਕੀਤੇ ਵਿਚਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

## ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਿਖਲਾਈ ਦੇਣ ਲਈ ਵਰਤੀ ਜਾਂਦੀ ਸਮੱਗਰੀ

ROV ਆਡੀਓ, ਵਿਜ਼ੂਅਲ, ਅਤੇ ਲਿਖਤੀ ਸਮੱਗਰੀ ਤਿਆਰ ਕਰਦਾ ਹੈ ਜਿਸ ਦੀ ਵਰਤੋਂ ਜਾਣਕਾਰੀ ਦੇ ਪ੍ਰਸਾਰਨ ਲਈ ਕੀਤੀ ਜਾਂਦੀ ਹੈ; ਅਤੇ 45 ਦੀਆਂ ਮੀਟਿੰਗਾਂ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਇਨ੍ਹਾਂ ਸਮੱਗਰੀਆਂ ਨੂੰ ਬਣਾਉਣ ਦੇ ਵਿੱਚ ਇਸਤੇਮਾਲ ਕੀਤੀ ਜਾਂਦੀ ਹੈ। ਇਸ ਸਮੱਗਰੀ ਨੂੰ ROV ਦੀ ਵੈੱਬਸਾਈਟ 'ਤੇ ਸਰੋਤਾਂ ਵਜੋਂ ਵੀ ਉਪਲਬਧ ਕਰਵਾਇਆ ਜਾਂਦਾ ਹੈ। VCA ਦੇ ਪ੍ਰਚਾਰ ਜਾਂ ਸਿਖਲਾਈ ਵਿੱਚ ਵਰਤੇ ਗਏ ਕਿਸੀ ਵੀ ਵੀਡੀਓ ਲਈ, ਕਲੋਜ਼ਡ ਕੈਪਸ਼ਨ ਉਪਲਬਧ ਕਰਵਾਈਆਂ ਜਾਣਗੀਆਂ। ਉਦਾਹਰਨਾਂ ਵਿੱਚ ROV ਦੀ ਵੈੱਬਸਾਈਟ 'ਤੇ ਪੋਸਟ ਕੀਤਾ VCA ਦਾ ਪ੍ਰਚਾਰ ਵੀਡੀਓ ਅਤੇ EAP ਦੀਆਂ ਜਨਤਕ ਸੁਣਵਾਈਆਂ ਸ਼ਾਮਲ ਹਨ ਜਿਨ੍ਹਾਂ ਨੂੰ ਔਨਲਾਈਨ ਸਟ੍ਰੀਮ ਕੀਤਾ ਜਾਂਦਾ ਹੈ (ਅਤੇ ਅੱਪਲੋਡ ਕੀਤਾ ਜਾਂਦਾ ਹੈ)। ਇਸ ਤੋਂ ਇਲਾਵਾ, ROV ਵੱਲੋਂ VCA. ਦੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਫਲਾਇਰ ਦੀ ਬ੍ਰੇਲ ਵਿੱਚ ਪ੍ਰਤੀਲਿਪੀ ਬਣਾਈ ਗਈ ਹੈ।

## ਚੋਣ ਅਧਿਕਾਰੀ

ROV ਨੇ ਚੋਣ ਅਧਿਕਾਰੀਆਂ ਲਈ ਖਾਸ ਤੌਰ 'ਤੇ ਸਿਖਲਾਈ ਸਮੱਗਰੀ ਬਣਾਈ ਹੈ। ਕੁਝ ਸਿਖਲਾਈ ਸਮੱਗਰੀ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਸ਼ਮੂਲੀਅਤ ਦੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਪੱਖ 'ਤੇ ਫੋਕਸ ਕਰਦੀ ਹੈ। ਬਾਕੀ ਸਿਖਲਾਈ ਸਮੱਗਰੀ ਚੋਣ ਅਧਿਕਾਰੀਆਂ ਦੀ ਤਕਨੀਕੀ ਪੱਖੋਂ ਸਹਾਇਤਾ ਕਰਦੀ ਹੈ ਜਿਸ ਵਿੱਚ ਵੱਖੋ-ਵੱਖ ਸੁਣਨ ਅਤੇ/ਜਾਂ ਦੇਖਣ ਵਿੱਚ ਸਹਾਇਤਾ ਕਰਨ ਵਾਲੇ ਡਿਵਾਈਸਾਂ ਨੂੰ ਚਲਾਉਣ ਅਤੇ ਕਨੈਕਟ ਕਰਨ ਦੀ ਸਿਖਲਾਈ ਸ਼ਾਮਲ ਹੋਵੇਗੀ ਜੋ ਅਸਮਰਥਤਾਵਾਂ ਵਾਲੇ ਵੋਟਰ ਵੋਟ ਕੇਂਦਰਾਂ 'ਤੇ ਆਪਣੇ

ਨਾਲ ਲੈ ਕੇ ਆ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਸਦੀ ਲੋੜ ਪਵੇ। ਵਿਭਿੰਨਤਾ ਨੂੰ ਦਰਸਾਉਂਦਾ ਇੱਕ ਵੀਡੀਓ ਸਿਖਲਾਈ ਸਮੇਂ ਚੋਣ ਅਧਿਕਾਰੀਆਂ ਨੂੰ ਪ੍ਰਦਾਨ ਕੀਤਾ ਜਾਵੇਗਾ, ਤਾਂ ਕਿ ਉਹ ਇਹ ਸਮਝ ਸਕਣ ਕਿ ਹਰ ਇੱਕ ਵਿਅਕਤੀ ਨੂੰ, ਚਾਹੇ ਉਹ ਅਸਮਰੱਥ ਹੋਵੇ ਜਾਂ ਨਾ, ਸਤਿਕਾਰ ਸਹਿਤ ਸੇਵਾਵਾਂ ਪ੍ਰਦਾਨ ਕਿਵੇਂ ਕਰਨੀਆਂ ਹਨ। ਹੋਰ ਸਿਖਲਾਈਆਂ ਵਿੱਚ ਵੋਟ ਕੇਂਦਰ ਨੂੰ ਅਸਮਰਥਤਾਵਾਂ ਵਾਲੇਵੋਟਰਾਂ ਵਾਸਤੇ ਕਿਵੇਂ ਸੈੱਟ ਕਰਨਾ ਹੈ, ਇਹ ਸ਼ਾਮਲ ਹੈ। ਸਾਰੇ ਚੋਣ ਅਧਿਕਾਰੀ ਇੱਕ ਸਹੁੰ ਚੁੱਕਦੇ ਹਨ ਕਿ ਉਹ ਸਾਰੇ ਵੋਟਰਾਂ ਦੀ ਵਿਭਿੰਨਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਦੇ ਹੋਏ ਹਰੇਕ ਵੋਟਰ ਦੇ ਨਿਵੇਕਲੇਪਣ ਪ੍ਰਤੀ ਸੰਵੇਦਨਸ਼ੀਲ ਅਤੇ ਸਤਿਕਾਰਸੂਚਕ ਹੋਣਗੇ। ਚੋਣ ਅਧਿਕਾਰੀ ਵਿਸ਼ਵਾਸ ਦਵਾਉਂਦੇ ਹਨ ਕਿ ਉਹ ਸਾਰੇ ਵੋਟਰਾਂ ਨੂੰ ਸਵੀਕਾਰਤ, ਸਤਿਕਾਰਤ ਅਤੇ ਵੱਡਮੁੱਲਾ ਮਹਿਸੂਸ ਕਰਵਾਉਣਗੇ।

# ਸੈਕਸ਼ਨ 4: ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ ਟਿਕਾਣਿਆਂ ਸੰਬੰਧੀ ਜਾਣਕਾਰੀ

## ਵੋਟ ਕੇਂਦਰ ਟਿਕਾਣੇ

California ਦੇ ਚੋਣ ਕੋਡ ਅਨੁਸਾਰ ਕਾਉਂਟੀਆਂ ਨੂੰ ਆਪਣੇ ਵੋਟ ਕੇਂਦਰ ਦੋ ਆਰੰਭਿਕ ਵੋਟਿੰਗ ਮਿਆਦਾਂ ਲਈ ਖੋਲ੍ਹਣ ਦੀ ਲੋੜ ਹੈ। ਪਹਿਲੀ ਆਰੰਭਿਕ ਵੋਟਿੰਗ ਮਿਆਦ ਦੇ ਅਨੁਸਾਰ ਵੋਟ ਕੇਂਦਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਦਸ (10) ਦਿਨ ਪਹਿਲਾਂ, ਚੋਣਾਂ ਵਾਲੇ ਦਿਨ ਤੋਂ ਚਾਰ ਦਿਨ ਪਹਿਲਾਂ ਤੱਕ ਅਤੇ ਸਮੇਤ ਮਿਲਾ ਕੇ, ਕੁੱਲ ਸੱਤ (7) ਦਿਨਾਂ ਲਈ ਖੋਲ੍ਹਣ ਦੀ ਲੋੜ ਹੈ। ਇਹ ਗਣਨਾ ਹਰ 50,000 ਰਜਿਸਟਰਡ ਕਾਉਂਟੀ ਵੋਟਰਾਂ ਲਈ ਇੱਕ ਵੋਟ ਕੇਂਦਰ ਹੋਣ 'ਤੇ ਆਧਾਰਿਤ ਹੈ। ਦੂਜੀ ਆਰੰਭਿਕ ਵੋਟਿੰਗ ਮਿਆਦ ਦੇ ਅਨੁਸਾਰ ਵੋਟ ਕੇਂਦਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਤਿੰਨ (3) ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ ਚਾਰ (4) ਦਿਨਾਂ ਲਈ ਖੋਲ੍ਹਣ ਦੀ ਲੋੜ ਹੈ ਇਹ ਗਣਨਾ ਹਰ 10,000 ਰਜਿਸਟਰਡ ਕਾਉਂਟੀ ਵੋਟਰਾਂ ਲਈ ਇੱਕ ਵੋਟ ਕੇਂਦਰ ਹੋਣ 'ਤੇ ਅਧਾਰਿਤ ਹੈ।

ਕੁਝ ਵੋਟ ਕੇਂਦਰਾਂ ਦੇ ਕੰਮਕਾਜੀ ਘੰਟੇ ਅਨਿਯਮਿਤ ਸਮਾਂ-ਸੂਚੀਆਂ ਵਾਲੇ ਵਿਅਕਤੀਆਂ ਲਈ ਜਾਂ ਵਿਅਕਤੀਗਤ ਟਿਕਾਣਿਆਂ ਦੀ ਉਪਲਬਧਤਾ ਦੇ ਕਾਰਨ ਵਿਵਸਥਿਤ ਕੀਤੇ ਜਾ ਸਕਦੇ ਹਨ। ਇਸ ਦਸਤਾਵੇਜ਼ ਦੇ ਪ੍ਰਕਾਸ਼ਿਤ ਕੀਤੇ ਜਾਣ ਤੱਕ, ਇਸ ਕਾਉਂਟੀ ਵਿੱਚ ਮੌਜੂਦਾ 1,011,395 ਰਜਿਸਟਰਡ ਵੋਟਰ ਹਨ। ਮੌਜੂਦਾ ਰਜਿਸਟਰੇਸ਼ਨ ਦੇ ਆਧਾਰ 'ਤੇ, ਲੋੜੀਂਦੇ ਵੋਟ ਕੇਂਦਰਾਂ ਦੀ ਅਨੁਮਾਨਿਤ ਸੰਖਿਆ ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤੀ ਗਈ ਹੈ।

| ਸਰਹੱਦ ਦੀ ਸ਼੍ਰੇਣੀ | ਘੱਟ ਤੋਂ ਘੱਟ ਲੋੜਾਂ |
|---|---|
| 11-ਦਿਨਾਂ ਦੇ ਵੋਟ ਕੇਂਦਰ<br>(ਹਰ 50,000 ਰਜਿਸਟਰਡ ਵੋਟਰਾਂ ਲਈ 1) | 20 |
| 4-ਦਿਨਾਂ ਦੇ ਵੋਟ ਕੇਂਦਰ<br>(ਹਰ 10,000 ਰਜਿਸਟਰਡ ਵੋਟਰਾਂ ਲਈ 1) | 81 |
| **ਲਈ** | **101** |

## ਬੈਲਟ ਡ੍ਰੌਪ-ਔਫ ਟਿਕਾਣੇ

California ਚੋਣ ਕੋਡ ਵੱਲੋਂ ਕੁਝ ਮਾਪਦੰਡ ਸੈੱਟ ਕੀਤੇ ਜਾਂਦੇ ਹਨ ਜਿਸ ਦੇ ਅਨੁਸਾਰ ਕਾਉਂਟੀ ਵਾਸਤੇ ਵੋਟਰਾਂ ਨੂੰ ਬੈਲਟ ਡ੍ਰੌਪ-ਔਫ ਟਿਕਾਣੇ ਮੁਹੱਈਆ ਕਰਵਾਉਣੇ ਲਾਜ਼ਮੀ ਹੁੰਦੇ ਹਨ। ਹਰੇਕ 15,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ ਟਿਕਾਣੇ ਦਾ ਹੋਣਾ ਲਾਜ਼ਮੀ ਹੈ, ਜੋ ਨੇਮੀ ਕੰਮਕਾਜ ਦੇ ਘੰਟਿਆਂ ਦੇ ਦੌਰਾਨ, ਚੋਣਾਂ ਵਾਲੇ ਦਿਨ ਤੋਂ ਘੱਟੋ-ਘੱਟ 28 ਦਿਨ ਪਹਿਲਾਂ, ਅਤੇ ਚੋਣਾਂ ਵਾਲੇ ਦਿਨ ਖੁੱਲ੍ਹਿਆ ਰਹਿੰਦਾ ਹੈ। ਵੋਟਰਾਂ ਦੇ ਰਜਿਸਟਰਾਰ (ROV) ਕਾਉਂਟੀ ਵਿੱਚ ਹਰੇਕ ਜ਼ਿਲ੍ਹੇ ਵਿੱਚ ਘੱਟੋ-ਘੱਟ ਇੱਕ ਬੈਲਟ ਡ੍ਰੌਪ-ਔਫ ਟਿਕਾਣੇ ਦੇ ਹੋਣ ਦੀ ਅਤੇ ਨਾਲ ਹੀ ਚੋਣ ਕੋਡ ਵਿੱਚ ਲਾਜ਼ਮੀ ਕੀਤੀ ਗਈ ਮਾਤਰਾ ਦੇ ਅਨੁਸਾਰ ਰਹਿਣ ਦੀ ਯੋਜਨਾ ਬਣਾ ਰਹੇ ਹਨ। ਇਸ ਦਸਤਾਵੇਜ਼ ਦੇ ਪ੍ਰਕਾਸ਼ਿਤ ਕੀਤੇ ਜਾਣ ਤੱਕ ਮੌਜੂਦਾ ਰਜਿਸਟਰੇਸ਼ਨ ਦੇ ਆਧਾਰ 'ਤੇ, ਲੋੜੀਂਦੇ ਵੋਟ ਕੇਂਦਰਾ ਦੀ ਔਸਤਨ ਸੰਖਿਆ ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤੀ ਗਈ ਹੈ:

| ਸਰਹੱਦ ਦੀ ਸ਼੍ਰੇਣੀ | ਘੱਟ ਤੋਂ ਘੱਟ ਲੋੜਾਂ |
|---|---|
| ਬੈਲਟ ਡ੍ਰੌਪ-ਔਫ ਟਿਕਾਣੇ<br>(ਹਰੇਕ15,000 ਰਜਿਸਟਰਡ ਵੋਟਰਾਂ ਲਈ 1) | 67 |

## ਰੋਕਥਾਮ ਸੰਬੰਧੀ ਉਪਾਅ

ਚੋਣਾਂ ਤੋਂ ਪਹਿਲਾਂ ਜਾਂ ਚੋਣ ਦੇ ਦੌਰਾਨ, ਵੋਟਿੰਗ ਪ੍ਰਕਿਰਿਆ ਵਿੱਚ ਪੈ ਸਕਣ ਵਾਲੇ ਕਿਸੇ ਵੀ ਤਰ੍ਹਾਂ ਦੇ ਵਿਘਨ ਦੀ ਰੋਕਥਾਮ ਲਈ, ROV ਵੱਲੋਂ ਹੇਠਾਂ ਦਿੱਤੇ ਰੋਕਥਾਮ ਸੰਬੰਧੀ ਸੁਰੱਖਿਆ ਉਪਾਅ ਕੀਤੇ ਜਾ ਰਹੇ ਹਨ:

| ਰੋਕਥਾਮ ਸੰਬੰਧੀ ਸਰੱਖਿਆ ਉਪਾਅ | ਉਦੇਸ਼ |
|---|---|
| ਸਧਾਰਨ ਸੁਰੱਖਿਆ ਉਪਾਅ | ਚੋਣਾਂ ਨਾਲ ਸਬੰਧਿਤ ਸਮੱਗਰੀ ਅਤੇ ਉਪਕਰਨਾਂ ਤੱਕ ਪਹੁੰਚ ਕਰਨ ਲਈ ਅਤੇ ਆਖਰਕਾਰ ਕਿਸੇ ਤਰ੍ਹਾਂ ਦੇ ਸੰਭਾਵਿਤ ਵਿਘਨ ਨੂੰ ਰੋਕਣ ਲਈ। |
| ਸਰਵਰ ਅਤੇ ਨੇਟਵਰਕ ਬੈਕਅੱਪ | ਮੁੱਖ ਸਰਵਰ ਜਾਂ ਨੈੱਟਵਰਕ ਦੇ ਬੰਦ ਹੋ ਜਾਣ 'ਤੇ ਜਾਣਕਾਰੀ ਸੰਚਾਰ ਵਿੱਚ ਰੁਕਾਵਟ ਪੈਣ ਤੋਂ ਬਚਣ ਲਈ। |
| ਪੋਲਿੰਗ ਸਾਈਟ ਉਪਕਰਨਾਂ ਦਾ ਬੈਕਅੱਪ | ਕਿਸੇ ਵੀ ਉਪਕਰਨ ਦੇ ਵਰਤੋਂ-ਯੋਗ ਨਾ ਰਹਿਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਬੇਕਅੱਪ ਉਪਕਰਨ | ਕਿਸੇ ਵੀ ਉਪਕਰਨ ਦੇ ਗੁੰਮ ਹੋ ਜਾਣ ਦੇ ਮਾਮਲੇ ਵਿੱਚ ਵੋਟਿੰਗ ਪਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਬੈਕਅੱਪ ਵੋਟਿੰਗ ਸਮਾਨ | ਕਿਸੇ ਵੀ ਸਮਾਨ ਦੇ ਗੁੰਮ ਹੋ ਜਾਣ ਜਾਂ ਵਰਤੋਂ-ਯੋਗ ਨਾ ਰਹਿਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਵੋਟ ਕੇਂਦਰ ਦੇ ਸਟੈਂਡਬਾਈ ਕਰਮਚਾਰੀ | ਕਿਸੇ ਵੀ ਵੋਟ ਕੇਂਦਰ ਕਰਮਚਾਰੀ ਦੇ ਗੈਰ ਹਾਜ਼ਰ ਹੋਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਸ਼ੱਕੀ ਵਿਅਕਤੀ ਜਾਂ ਵਸਤੂ ਸੰਬੰਧੀ ਪ੍ਰਕਿਰਿਆਵਾਂ | ਕਿਸੇ ਸ਼ੱਕੀ ਵਿਅਕਤੀ ਜਾਂ ਵਸਤੂ ਦੇ ਦਿਸਣ 'ਤੇ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਨੂੰ ਰੋਕਣ ਲਈ। |
| ਹੱਥੀ ਚੱਲਣ ਵਾਲੇ ਸਿਸਟਮਾਂ ਦੀ ਮੌਜੂਦਗੀ | ਕਿਸੇ ਇਲੈਕਟ੍ਰਾਨਿਕ ਵੋਟਿੰਗ ਉਪਕਰਨ ਦੇ ਵਰਤੋਂ-ਯੋਗ ਨਾ ਰਹਿਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਨੂੰ ਰੋਕਣ ਲਈ। |

ਉੱਪਰ ਦਿੱਤੇ ਰੋਕਥਾਮ ਸੰਬੰਧੀ ਸੁਰੱਖਿਆ ਉਪਾਵਾਂ ਦੀ ਵੇਰਵੇ ਸਹਿਤ ਜਾਣਕਾਰੀ ਲਈ, ਕਿਰਪਾ ਕਰਕੇ ਅੰਤਕਾ C ਦੇਖੋ।

### ਅਚਨਚੇਤਤਾ ਸੰਬੰਧੀ ਯੋਜਨਾ (ਬੈਕਅੱਪ ਪਲਾਨ)

ROV ਵੱਲੋਂ ਇੱਕ ਨਿਰਵਿਘਨ ਚੋਣ ਪ੍ਰਕਿਰਿਆ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਫਿਰ ਵੀ ਜੇ ਕੋਈ ਰੁਕਾਵਟ ਆ ਜਾਂਦੀ ਹੈ, ਤਾਂ ROV ਕੋਲ ਸੁਰੱਖਿਆ ਉਪਾਅ ਮੌਜੂਦ ਹਨ ਤਾਂ ਕਿ ਰੁਕਾਵਟ ਆਉਣ ਦੇ ਬਾਵਜੂਦ ਵੀ ਕੰਮ ਸਹੀ ਤਰੀਕੇ ਨਾਲ ਚੱਲਦਾ ਰਹੇ। ROV ਵੱਲੋਂ ਕਈ ਸੰਭਾਵੀ ਰੁਕਾਵਟਾਂ ਦੀ ਪਛਾਣ ਕੀਤੀ ਗਈ ਹੈ:

- ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ ਦਾ ਠੱਪ ਹੋ ਜਾਣਾ
- ਬਿਜਲੀ ਦਾ ਬੰਦ ਹੋ ਜਾਣਾ
- ਖ਼ਰਾਬ ਮੌਸਮ
- ਅੱਗ ਲੱਗਣਾ ਜਾਂ ਕੋਈ ਹੋਰ ਬਿਪਤਾ
- ਵੋਟਿੰਗ ਉਪਕਰਨ ਦਾ ਖ਼ਰਾਬ ਹੋ ਜਾਣਾ
- ਮੰਗ ਕਰਨ 'ਤੇ ਬੈਲਟ ਵਾਲੀ ਮਸ਼ੀਨ ਦਾ ਕੰਮ ਕਰਨਾ ਬੰਦ ਕਰ ਦੇਣਾ
- ਇੰਟਰਨੈੱਟ ਕਨੈਕਸ਼ਨ ਦਾ ਅਸਫ਼ਲ ਹੋ ਜਾਣਾ
- ਵੋਟ ਕੇਂਦਰ ਕਰਮਚਾਰੀਆਂ ਦਾ ਗੈਰਹਾਜ਼ਰ ਹੋਣਾ
- ਨਾ-ਵਰਤੋਂ ਯੋਗ ਵੋਟ ਕੇਂਦਰ

ਇਨ੍ਹਾਂ ਰੁਕਾਵਟਾਂ ਦੀ ਵੰਡ ਸਹਿਤ ਵੇਰਵਿਆਂ, ROV ਦੇ ਇਨ੍ਹਾਂ ਸੰਬੰਧੀ ਹੱਲਾਂ, ਅਤੇ ROV ਦੇ ਵਧੇਰੇ ਅਚਨਚੇਤਤਾ ਸੰਬੰਧੀ ਉਪਾਵਾਂ ਲਈ, ਅੰਤਕਾ D ਦੇਖੋ

## ਸੈਕਸ਼ਨ 5: ਵੋਟ ਕੇਂਦਰ ਬੈਲਟ ਸਮੱਸਿਆ ਅਤੇ ਪਰਦੇਦਾਰੀ ਯੋਜਨਾਵਾਂ

### ਵੋਟ ਕੇਂਦਰ ਦਾ ਡਿਜ਼ਾਈਨ ਅਤੇ ਖਾਕਾ

ਇੱਕ ਆਦਰਸ਼ ਵੋਟ ਕੇਂਦਰ ਦਾ ਆਕਾਰ ਘੱਟੋ-ਘੱਟ 60'x60’ ਹੋਣਾ ਚਾਹੀਦਾ ਹੈ, ਤਾਂ ਕਿ ਨਿੱਜੀ ਵੋਟ ਖੇਤਰਾਂ ਲਈ ਖੁੱਲ੍ਹੀ ਨਿਰਧਾਰਿਤ ਜਗ੍ਹਾ ਪ੍ਰਦਾਨ ਕਰਦੇ ਹੋਏ ਆਉਣ ਜਾਣ ਲਈ ਵੀ ਸੁਯੋਗ ਰਸਤਾ ਪ੍ਰਦਾਨ ਕੀਤਾ ਜਾ ਸਕੇ। ਵੋਟ ਕੇਂਦਰ ਵਿੱਚ ਮਨੋਨੀਤ ਕੀਤਾ ਇੱਕ ਕਤਾਰ ਸਿਸਟਮ ਹੁੰਦਾ ਹੈ ਜੋ ਵੋਟਰਾਂ ਨੂੰ ਢੁਕਵੇਂ ਸਟਾਫ਼ ਕੋਲ ਭੇਜੇਗਾ, ਵੋਟਰਾਂ ਦੀ ਨਵੀਂ ਇਲੈਕਟ੍ਰਾਨਿਕ ਪੋਲਬੁੱਕ ‘ਤੇ ਪ੍ਰਕਿਰਿਆ ਕਰਨ ਲਈ ਇੱਕ

ਸਾਈਨ-ਇਨ ਟੇਬਲ ਹੋਵੇਗਾ, ਮੰਗ ਕਰਨ 'ਤੇ ਬੈਲਟ ਲਈ ਪ੍ਰਿੰਟਰ ਖੇਤਰ ਹੋਵੇਗਾ ਜਿੱਥੇ ਬੈਲਟ ਪ੍ਰਿੰਟ ਕੀਤੇ ਜਾਣਗੇ, ਅਤੇ ਵੋਟਿੰਗ ਬੂਥ ਅਤੇ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਦਾ ਖੇਤਰ ਹੋਵੇਗਾ। ਅੰਤਕਾ E ਵਿੱਚ ਤੁਸੀਂ ਇੱਕ ਆਮ ਖਾਕਾ ਡਿਜ਼ਾਈਨ ਦੇਖ ਸਕਦੇ ਹੋ ਜਿਸਨੂੰ ਇੱਕ ਗਾਈਡ ਦੇ ਤੌਰ 'ਤੇ ਵਰਤਿਆ ਜਾਵੇਗਾ, ਪਰ ਹਰੇਕ ਵੋਟ ਕੇਂਦਰ ਦਾ ਟਿਕਾਣੇ ਦੇ ਮਾਪਾਂ ਦੇ ਆਧਾਰ 'ਤੇ ਇੱਕ ਅਨੁਕੂਲਿਤ ਖਾਕਾ ਹੀ ਹੋਵੇਗਾ।

## ਵੋਟਿੰਗ ਸੁਰੱਖਿਆ

ਵੋਟਰ ਡਾਟਾ ਦੀ ਗੁਪਤਤਾ, ਅਖੰਡਤਾ, ਅਤੇ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਸਾਰੇ ਜ਼ਰੂਰੀ ਤਰੀਕੇ ਅਪਣਾਏ ਜਾ ਰਹੇ ਹਨ। ਸਾਰਾ ਕਾਉਂਟੀ ਵੋਟਰ ਡਾਟਾ ਸੁਰੱਖਿਆ ਉਪਕਰਨਾਂ ਦੀ ਵਰਤੋਂ ਕਰਦੇ ਹੋਏ, ਜਿਸ ਨੂੰ  ਡਾਟਾ ਦੀ ਸੁਰੱਖਿਆ ਲਈ ਹੀ ਬਣਾਇਆ ਗਿਆ ਹੈ, ਡਾਟਾਬੇਸ ਅਤੇ ਸਰਵਰ ਵਿੱਚ ਸਟੋਰ ਕੀਤਾ ਜਾਵੇਗਾ, ਅਤੇ ਇਹ ਕਾਉਂਟੀ ਸਟਾਫ਼ ਦੀ ਵਰਤੋਂ ਲਈ ਉਪਲਬਧ ਰਹੇਗਾ।

ਵੋਟਰਾਂ ਦੇ ਰਜਿਸਟਰਾਰ (ROV) ਦੇ ਮੁੱਖ ਦਫ਼ਤਰ ਵਿਖੇ, ਵੋਟਿੰਗ ਸਿਸਟਮ ਬਿਲਕੁਲ ਸੀਲ ਬੰਦ ਹੁੰਦਾ ਹੈ, ਜਿਸਦਾ ਮਤਲਬ ਹੈ ਕਿ ਬਾਹਰਲੇ ਨੈੱਟਵਰਕ ਤੱਕ ਉਸ ਦੀ ਕੋਈ ਪਹੁੰਚ ਨਹੀਂ ਹੁੰਦੀ ਹੈ। ਵੋਟਿੰਗ ਸਿਸਟਮ ਤੱਕ ਪਹੁੰਚ ਕਰਨ ਦਾ ਇੱਕ ਮਾਤਰ ਤਰੀਕਾ ਸਿਸਟਮ ਵਾਲੇ ਸਰਵਰ ਰੂਮ ਅੰਦਰ ਸਰੀਰਕ ਰੂਪ ਵਿੱਚ ਪ੍ਰਵੇਸ਼ ਕਰਨਾ ਹੈ। ਕੰਪਿਊਟਰ ਸੁਰੱਖਿਆ ਦੇ ਮੱਦੇਨਜ਼ਰ, ਜੇਕਰ ਸਟਾਫ਼ ਕੋਲ ਡੇਸਕਟਾਪ ਕੰਪਿਊਟਰ ਬੰਦ ਕਰਨ ਦਾ ਸਮਾਂ ਨਹੀਂ ਹੈ, ਤਾਂ ਉਨ੍ਹਾਂ ਨੂੰ Crtl+Alt+Delete ਦੀ ਵਰਤੋਂ ਕਰਕੇ ਕੰਪਿਊਟਰ ਲੌਕ ਕਰ ਦੇਣਾ ਚਾਹੀਦਾ ਹੈ। ਇਸ ਦਾ ਕਾਰਨ ਕਾਉਂਟੀ ਵੋਟਰ ਡਾਟਾ ਸੁਰੱਖਿਆ ਉਪਕਰਨਾਂ ਦੀ ਵਰਤੋਂ ਕਰਦੇ ਹੋਏ, ਜਿਸ ਨੂੰ  ਡਾਟਾ ਦੀ ਸੁਰੱਖਿਆ ਲਈ ਹੀ ਬਣਾਇਆ ਗਿਆ ਹੈ, ਡਾਟਾਬੇਸ ਕਾਫ਼ੀ ਨਾ ਹੋਵੇ। ਜੇਕਰ ਬਿਜਲੀ ਨਹੀਂ ਹੈ ਤਾਂ, ਸਟਾਫ਼ ਨੂੰ ਕੰਪਿਊਟਰਾਂ ਨੂੰ ਬਿਹਤਰੀਨ ਤਰੀਕੇ ਨਾਲ ਸੰਭਾਲਣ ਸੰਬੰਧੀ ਮਦਦ ਡੇਸਕ ਤੋਂ ਆਉਣ ਵਾਲੇ ਨਿਰਦੇਸ਼ਾਂ ਦੀ ਉਡੀਕ ਕਰਨੀ ਚਾਹੀਦੀ ਹੈ।

ਵੋਟ ਕੇਂਦਰਾਂ ਵਿਖੇ, ਜਿਵੇਂ-ਜਿਵੇਂ ਵੋਟਰ ਵੋਟ ਕੇਂਦਰਾਂ 'ਤੇ ਆਉਂਦੇ ਜਾਣਗੇ, ਸਟਾਫ਼ ਕੋਲ ਸਾਰੇ ਵੋਟਰਾਂ ਲਈ ਰਜਿਸਟਰੇਸ਼ਨ ਡਾਟਾ ਅਤੇ ਵੋਟਰ ਇਤਿਹਾਸ ਦੀ ਲਗਭਗ ਅਸਲ ਸਮੇਂ ਦੀ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ। ਵੋਟ ਕੇਂਦਰਾਂ 'ਤੇ ਉਪਲਬਧ ਕਿਸੇ ਵੀ ਕਿਸਮ ਦੇ ਵੋਟਰ ਡਾਟੇ ਨੂੰ ਅਤੇ ਉਸ ਡਾਟੇ ਨੂੰ ਜਿਸਦਾ ਵੋਟ ਕੇਂਦਰਾਂ ਅਤੇ ਕਾਉਂਟੀ ਦੇ ਡਾਟਾ ਸਰਵਰਾਂ ਵਿਚਕਾਰ ਆਦਾਨ-ਪ੍ਰਦਾਨ ਹੋਇਆ ਹੈ, ਨਵੀਨਤਮ ਇਨਕ੍ਰਿਪਸ਼ਨ ਤਕਨਾਲੋਜੀ ਨਾਲ ਇਨਕ੍ਰਿਪਟ ਕੀਤਾ ਜਾਂਦਾ ਹੈ। ਵੋਟ ਕੇਂਦਰਾਂ ਦੀਆਂ ਕੁਝ ਖਾਸ ਚੋਣ ਡਿਵਾਈਸਾਂ ਅਤੇ ਉਪਕਰਨਾਂ ਨੂੰ ਹੀ ਵੋਟਰ ਡਾਟਾ ਤੱਕ ਪਹੁੰਚ ਦਿੱਤੀ ਜਾਂਦੀ ਹੈ ਅਤੇ ਸੰਚਾਰ ਵਿਚਲਾ ਅਤੇ ਬਾਕੀ ਦਾ ਡਾਟਾ ਇਨਕ੍ਰਿਪਟ ਕੀਤਾ ਜਾਂਦਾ ਹੈ। ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਵਿੱਚ ਮਦਦ ਕਰਨ ਲਈ ਡਾਟਾ ਦੇ ਨਿਯਮਿਤ ਬੈਕਅੱਪ ਲਏ ਜਾਂਦੇ ਹਨ, ਅਤੇ ਨਾਲ ਹੀ ਵਰਤੋਂਕਾਰ ਅੰਤਰਕਿਰਿਆ ਅਤੇ ਕਾਰਵਾਈਆਂ ਦੀਆਂ ਪੈੜਾਂ ਦੀ ਇੱਕ ਵਿਸਤਰਿਤ ਲੇਖਾ-ਪੜਤਾਲ ਕੀਤੀ ਜਾਂਦੀ ਹੈ।

ਵੋਟ ਕੇਂਦਰਾਂ ਵਿਖੇ ਪੂਰੇ ਹੋਏ ਬੈਲਟਾਂ ਨੂੰ ਸਾਈਟ 'ਤੇ ਹੀ ਬੈਲਟ ਗਿਣਤੀ ਕਰਨ ਵਾਲੀਆਂ ਮਸ਼ੀਨਾਂ ਨਾਲ ਸਕੈਨ ਅਤੇ ਗਿਣਿਆ ਜਾਂਦਾ ਹੈ, ਜੋ ਕਿ ਕਿਸੇ ਵੀ ਨੈੱਟਵਰਕ ਨਾਲ ਕਨੈਕਟ ਨਹੀਂ ਹੁੰਦੀਆਂ। ਬੈਲਟ ਡਾਟਾ ਨੂੰ ਇਨਕ੍ਰਿਪਟ ਕਰਕੇ ਇੱਕ ਕਾਰਟਿਜ ਵਿੱਚ ਰੱਖਿਅਤ ਕੀਤਾ ਜਾਂਦਾ ਹੈ ਜਿਸ ਤੱਕ ਪਹੁੰਚ ਕਰਨ ਲਈ ਉਸ ਨੂੰ ਮਸ਼ੀਨ ਤੋਂ ਭੌਤਿਕ ਤੌਰ 'ਤੇ ਹਟਾਉਣਾ ਪੈਂਦਾ ਹੈ। ਹਰੇਕ ਬੈਲਟ ਗਿਣਤੀ ਕਰਨ ਵਾਲੀ ਮਸ਼ੀਨ ਦੀਆਂ ਕਾਰਟਿਜ ਨੂੰ ਚੋਣਾਂ ਵਾਲੇ ਦਿਨ ਵੋਟਿੰਗ ਬੰਦ ਹੋਣ ਤੋਂ ਬਾਅਦ ਰਾਤ 8 ਵਜੇ ROV ਦੇ ਮੁੱਖ ਦਫ਼ਤਰ ਵਾਪਸ ਭੇਜਿਆ ਜਾਂਦਾ ਹੈ ਤਾਂਕਿ ਰਿਕਾਰਡਿੰਗ ਕੀਤੀ ਜਾ ਸਕੇ।

ਪ੍ਰਾਪਤ ਕੀਤੇ ਗਏ ਡਾਕ ਰਾਹੀਂ ਵੋਟ (VBM) ਬੈਲਟ ROV ਦੇ ਮੁੱਖ ਦਫ਼ਤਰ ਵੱਲੋਂ ਇਕੱਤਰ ਕੀਤੇ ਜਾਂਦੇ ਹਨ ਅਤੇ ਗਿਣਤੀ ਹੋਣ ਤੱਕ ਇੱਕ ਸੁਰੱਖਿਅਤ ਬੈਲਟ ਕਮਰੇ ਵਿੱਚ ਸਟੋਰ ਕਰ ਕੇ ਰੱਖੇ ਜਾਂਦੇ ਹਨ। ਬੈਲਟਾਂ ਦੀ ਗਿਣਤੀ ਕਰਨ ਤੋਂ ਪਹਿਲਾਂ, VBM ਬੈਲਟ ਲਿਫਾਫਿਆਂ ਉੱਪਰਲੇ ਦਸਤਖ਼ਤਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਬੈਲਟ ਇੱਕ ਰਜਿਸਟਰਡ ਵੋਟਰ ਦਾ ਹੀ ਹੈ। ਦਸਤਖ਼ਤਾਂ ਦੀ ਪੁਸ਼ਟੀ ਹੋਣ ਤੋਂ ਬਾਅਦ, ਬੈਲਟਾਂ ਨੂੰ ਕੱਢ ਕੇ ਪ੍ਰਿੰਸਿਕਟਾਂ ਦੇ ਅਨੁਸਾਰ ਕ੍ਰਮਬੱਧ ਕੀਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਗਿਣਤੀ ਲਈ ਸਪੁਰਦ ਕੀਤਾ ਜਾਂਦਾ ਹੈ। ਗਿਣਤੀ ਹੋਣ ਤੋਂ ਬਾਅਦ, ਬੈਲਟਾਂ ਨੂੰ ਪ੍ਰਿੰਸਿਕਟ ਅਨੁਸਾਰ ਇੱਕ ਅਲੱਗ ਸੁਰੱਖਿਅਤ ਟਿਕਾਣੇ 'ਤੇ ਸਟੋਰ ਕੀਤਾ ਜਾਂਦਾ ਹੈ।

ਜੇਕਰ ਕਿਸੇ ਸੰਕਟਕਾਲੀਨ ਸਥਿਤੀ ਪੈਦਾ ਹੋਣ ਕਰਕੇ, ਸਟਾਫ਼ ਨੂੰ ਉਸ ਇਮਾਰਤ ਤੋਂ ਬੈਲਟਾਂ ਨੂੰ ਹਟਾਉਣ ਦੀ ਲੋੜ ਪੈਂਦੀ ਹੈ, ਤਾਂ ਸਟਾਫ਼ ਨੂੰ ਪਹਿਲਾਂ ਬੌਕਸਾਂ, ਜਾਂ ਪੀਪਿਆਂ 'ਤੇ ਟੇਪ ਲਗਾ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਬੰਦ ਕਰਕੇ ਫਿਰ ਕਿਸੇ ਨਵੇਂ ਟਿਕਾਣੇ 'ਤੇ ਲਿਜਾਉਣਾ ਚਾਹੀਦਾ ਹੈ। ਜੇਕਰ ਉਨ੍ਹਾਂ ਨੂੰ ਇਮਾਰਤ ਤੋਂ ਹਟਾਇਆ ਨਹੀਂ ਜਾ ਸਕਦਾ, ਤਾਂ ਬੈਲਟਾਂ ਨੂੰ ਇੱਕ ਸੁਰੱਖਿਅਤ ਕਮਰੇ ਵਿੱਚ ਰੱਖਿਆ ਜਾਵੇਗਾ। ਖਾਲੀ ਜਾਂ ਉਹ ਬੈਲਟ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ ਸੀ, ਉੱਥੇ ਹੀ ਛੱਡ ਦਿੱਤੇ ਜਾਣੇ ਚਾਹੀਦੇ ਹਨ, ਜੇਕਰ ਉਨ੍ਹਾਂ ਨੂੰ ਹਟਾਉਣ ਦਾ ਸਮਾਂ ਨਹੀਂ ਹੈ। ਜੇਕਰ ਸਮਾਂ ਹੈ, ਤਾਂ ROV ਜਾਂ ਨਿਯਤ ਕੀਤਾ ਵਿਅਕਤੀ ਸਟਾਫ਼ ਨੂੰ ਇਹ ਦੱਸੇਗਾ ਕਿ ਖਾਲੀ ਜਾਂ ਉਨ੍ਹਾਂ ਬੈਲਟਾਂ ਨਾਲ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ, ਕੀ ਕਰਨਾ ਹੈ।

# ਸੈਕਸ਼ਨ -6 ਬਜਟ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਇੱਕ ਬਜਟ ਅਤੇ ਲੋੜੀਂਦੇ ਸਰੋਤਾਂ ਵਾਸਤੇ ਇੱਕ ਯੋਜਨਾ ਬਣਾਈ ਗਈ ਹੈ, ਤਾਂ ਕਿ ਵੋਟ ਕੇਂਦਰ ਮਾਡਲ ਵੋਟਿੰਗ ਪ੍ਰਕਿਰਿਆ ਬਾਰੇ ਵੋਟਰਾਂ ਨੂੰ ਸੂਚਿਤ ਕਰਨ ਲਈ ਜਾਣਕਾਰੀ ਦਾ ਇੱਕ ਵੱਡਾ ਜਾਲ ਬਣਾਇਆ ਜਾ ਸਕੇ।
ਪ੍ਰਸਤਾਵਿਤ ਬਜਟ ਵਿੱਚ ਸਟਾਫ਼ ਦੀ ਭਰਤੀ ਅਤੇ ਪਹੁੰਚ ਨਾਲ ਜੁੜੇ ਹੋਰ ਖ਼ਰਚੇ ਸ਼ਾਮਲ ਨਹੀਂ ਹਨ। ਬਜਟ ਦਾ ਵਿਸ਼ਲੇਸ਼ਣ ਹੇਠਾਂ ਦਿੱਤੀ ਸਾਰਣੀ ਵਿੱਚ ਦਿਖਾਇਆ ਗਿਆ ਹੈ;

| ਕਾਰਵਾਈ | ਬਜਟ |
|---|---:|
| **ਕੁੱਲ ਵਿਗਿਆਪਨ ਖਰਚਾ** | **$115,000** |
| ਅਖਬਾਰਾਂ ਦੇ ਵਿਗਿਆਪਨ/ਰੇਡੀਓ ਸਪੌਟ/ਸੋਸ਼ਲ ਮੀਡਿਆ/ਪ੍ਰਿੰਟ ਵਿਗਿਆਪਨ | $100,000 |
| ਨਵੇਂ ਰੇਡੀਓ ਸਪੌਟ | $15,000 |
| | |
| **ਪਹੁੰਚ ਪ੍ਰੋਗਰਾਮ ਦਾ ਕੁੱਲ ਖਰਚਾ** | **$1,135,000** |
| ਪਹੁੰਚ ਸੰਬੰਧੀ ਸਪਲਾਈਆਂ ਅਤੇ ਡਿਸਪਲੇ | $4,000 |
| ਸਮਾਰੋਹਾਂ 'ਤੇ ਪਹੁੰਚ ਪ੍ਰਾਪਤ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ (ਸਵੈਗ) | $14,000 |
| CBO ਵਿਤਰਨ ਲਈ ਪਹੁੰਚ ਪ੍ਰਾਪਤ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਚੀਜ਼ਾ | $1,800 |
| ਪਹੁੰਚ ਸੰਬੰਧੀ ਉਪਕਰਨ | $8,000 |
| ਕਾਉਂਟੀ ਪ੍ਰਿੰਟਸ਼ਾਪ/ਪ੍ਰਿੰਟ ਕੀਤੀਆਂ ਸਮੱਗਰੀਆਂ | $6,000 |
| ਵਾਹਨ ਦਾ ਕਿਰਾਇਆ ਅਤੇ ਤੇਲ ਦਾ ਖਰਚਾ | $1,200 |
| ਹਰੇਕ ਰਜਿਸਟਰਡ ਵੋਟਰ ਨੂੰ 2 ਸਿੱਧੀਆਂ ਡਾਕਾਂ | $1,100,000 |